3-JUNE-PAGE-1.qxd 6/2/2023 10:27 PM Page 1

ਸ਼ਨੀਵਾਰ, 3 ਜੂਨ, 2023
20 ਜੇਠ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 2

ਨਵਾਂ ਜ਼ਮਾਨਾ

DAILY NAWAN ZAMANA • SATURDAY, 3 JUNE, 2023

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

ਅਮਰੀਕੀ ਰਾਸ਼ਟਰਪਤੀ ਠੋਕਰ ਖਾ ਕੇ ਡਿੱਗਿਆ

ਕੋਲੋਰਾਡੋ (ਅਮਰੀਕਾ) : ਅਮਰੀਕੀ ਏਅਰ ਫੋਰਸ ਅਕੈਡਮੀ ਵਿਚ ਸਮਾਗਮ ਦੌਰਾਨ ਰਾਸ਼ਟਰਪਤੀ ਜੋਅ ਬਾਇਡਨ ਠੋਕਰ ਖਾ ਕੇ ਸਟੇਜ 'ਤੇ ਡਿੱਗ ਪਏ। ਸੱਟ ਤੋਂ ਬਚਾਅ ਰਿਹਾ। ਇਸ 'ਤੇ ਸਪੱਸ਼ਟੀਕਰਨ ਦਿੰਦੇ ਹੋਏ ਬਾਇਡਨ ਨੇ ਕਿਹਾ ਕਿ ਉਹ ਰੇਤ ਦੇ ਬੋਰੇ ਨਾਲ ਟਕਰਾਅ ਗਏ ਸਨ। ਅਮਰੀਕੀ ਰਾਸ਼ਟਰਪਤੀ ਕੋਲੋਰਾਡੋ ਸਪ੍ਰਿੰਗਜ਼ ਵਿਚ ਏਅਰ ਫੋਰਸ ਅਕੈਡਮੀ ਵਿਚ ਪੋਡੀਅਮ 'ਤੇ ਗ੍ਰੈਜੂਏਟਾਂ ਨਾਲ ਹੱਥ ਮਿਲਾ ਰਹੇ ਸਨ, ਜਦੋਂ ਉਹ ਆਪਣੀ ਸੀਟ 'ਤੇ ਜਾਣ ਲਈ ਮੁੜੇ ਤਾਂ ਠੋਕਰ ਖਾ ਕੇ ਡਿੱਗ ਪਏ। ਹਵਾਈ ਫੌਜ ਦੇ ਅਧਿਕਾਰੀ ਤੇ ਅਮਰੀਕੀ ਖੁਫੀਆ ਟੀਮ ਦੇ ਦੋ ਮੈਂਬਰਾਂ ਨੇ ਉਨ੍ਹਾ ਨੂੰ ਚੁੱਕਿਆ ਤੇ ਸੀਟ ਤੱਕ ਜਾਣ ਲਈ ਮਦਦ ਕੀਤੀ।

ਟਾਈਟਲਰ ਨੂੰ ਤਕੜਾ ਝਟਕਾ

ਨਵੀਂ ਦਿੱਲੀ : 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ 'ਚ ਦਿੱਲੀ ਦੀ ਅਦਾਲਤ ਨੇ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਨੂੰ ਵੱਡਾ ਝਟਕਾ ਦਿੰਦਿਆਂ ਜਿੱਥੇ ਉਸ ਖਿਲਾਫ ਸਪਲੀਮੈਂਟਰੀ ਚਾਰਜਸ਼ੀਟ ਨੂੰ ਮਨਜ਼ੂਰੀ ਦੇ ਦਿੱਤੀ ਹੈ, ਉਥੇ ਉਸ ਦੇ ਖਿਲਾਫ ਮੁਕੱਦਮੇ ਨੂੰ ਵਿਸ਼ੇਸ਼ ਸੰਸਦ ਮੈਂਬਰ-ਵਿਧਾਇਕ ਅਦਾਲਤ 'ਚ ਤਬਦੀਲ ਕਰ ਦਿੱਤਾ ਹੈ। ਅਦਾਲਤ ਇਸ ਮਾਮਲੇ 'ਤੇ ਸੁਣਵਾਈ 8 ਜੂਨ ਨੂੰ ਕਰੇਗੀ।

ਢਾਈ ਕਿੱਲੋ ਹੈਰੋਇਨ ਬਰਾਮਦ

ਫਾਜ਼ਿਲਕਾ : ਪੰਜਾਬ ਪੁਲਸ ਤੇ ਬੀ ਐੱਸ ਐੱਫ ਨੇ ਫਾਜ਼ਿਲਕਾ ਜ਼ਿਲ੍ਹੇ ਦੇ ਚੱਕਖੇਵਾ ਪਿੰਡ 'ਚ ਕੁਝ ਘਰਾਂ ਦੀ ਤਲਾਸ਼ੀ ਦੌਰਾਨ ਦੋ ਵਿਅਕਤੀਆਂ ਨੂੰ ਹਿਰਾਸਤ 'ਚ ਲਿਆ। ਇਨ੍ਹਾਂ 'ਚੋਂ ਇਕ ਵਿਅਕਤੀ ਵੱਲੋਂ ਕੀਤੇ ਖੁਲਾਸੇ ਦੇ ਆਧਾਰ 'ਤੇ ਕਰੀਬ 2.5 ਕਿੱਲੋ ਹੈਰੋਇਨ ਦੇ ਤਿੰਨ ਪੈਕੇਟ ਬਰਾਮਦ ਕੀਤੇ ਗਏ। ਇਹ ਖੇਪ ਕੁਝ ਦਿਨ ਪਹਿਲਾਂ ਡਰੋਨ ਰਾਹੀਂ ਸੁੱਟੀ ਗਈ ਸੀ ਅਤੇ ਘਰ ਦੇ ਅੰਦਰ ਹੀ ਛੁਪਾ ਕੇ ਰੱਖੀ ਗਈ ਸੀ।

ਆਪੋ-ਆਪਣੀ ਕਰੰਸੀ 'ਚ ਵਪਾਰ 'ਤੇ ਜ਼ੋਰ

ਕੇਪਟਾਊਨ : ਬ੍ਰਿਕਸ ਦੇਸ਼ਾਂ ਨੇ ਕੌਮਾਂਤਰੀ ਵਪਾਰ ਅਤੇ ਵਿੱਤੀ ਲੈਣ-ਦੇਣ 'ਚ ਆਪੋ-ਆਪਣੇ ਮੁਲਕਾਂ ਦੀ ਕਰੰਸੀ ਦੀ ਵਰਤੋਂ ਕਰਨ 'ਤੇ ਜ਼ੋਰ ਦਿੱਤਾ ਹੈ। ਨਾਲ ਹੀ ਇਨ੍ਹਾਂ ਦੇਸ਼ਾਂ (ਬ੍ਰਾਜ਼ੀਲ, ਰੂਸ, ਭਾਰਤ, ਚੀਨ ਅਤੇ ਦੱਖਣੀ ਅਫਰੀਕਾ) ਨੇ ਨਿਯਮਾਂ-ਅਧਾਰਤ, ਖੁੱਲ੍ਹੇ ਅਤੇ ਪਾਰਦਰਸ਼ੀ ਵਿਸ਼ਵ ਵਪਾਰ ਲਈ ਵਚਨਬੱਧਤਾ ਪ੍ਰਗਟਾਈ ਹੈ। ਇਸ ਮੀਟਿੰਗ 'ਚ ਭਾਰਤ ਦੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਹਿੱਸਾ ਲੈ ਰਹੇ ਹਨ।

ਪਾਕਿਸਤਾਨ 203 ਭਾਰਤੀ ਛੱਡੇਗਾ

ਇਸਲਾਮਾਬਾਦ : ਪਾਕਿਸਤਾਨ ਦੇ ਵਿਦੇਸ਼ ਮੰਤਰੀ ਬਿਲਾਵਲ ਭੁੱਟੋ ਜ਼ਰਦਾਰੀ ਨੇ ਸ਼ੁੱਕਰਵਾਰ ਐਲਾਨ ਕੀਤਾ ਕਿ ਪਾਕਿਸਤਾਨ ਮਨੁੱਖਤਾ ਦੇ ਅਧਾਰ 'ਤੇ 200 ਭਾਰਤੀ ਮਛੇਰਿਆਂ ਅਤੇ ਤਿੰਨ ਨਾਗਰਿਕ ਕੈਦੀਆਂ ਨੂੰ ਰਿਹਾਅ ਕਰੇਗਾ। ਪਿਛਲੇ ਮਹੀਨੇ ਪਾਕਿਸਤਾਨੀ ਅਧਿਕਾਰੀਆਂ ਨੇ 198 ਭਾਰਤੀ ਮਛੇਰਿਆਂ ਨੂੰ ਰਿਹਾਅ ਕੀਤਾ ਗਿਆ ਸੀ।

ਤਿੰਨ-ਚਾਰ ਅਸੰਬਲੀ ਚੋਣਾਂ 'ਚ ਭਾਜਪਾ ਦਾ ਸਫਾਇਆ ਕਰ ਦੇਵਾਂਗੇ : ਰਾਹੁਲ

ਵਾਸ਼ਿੰਗਟਨ : ਕਾਂਗਰਸ ਆਗੂ ਰਾਹੁਲ ਗਾਂਧੀ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੀ ਪਾਰਟੀ ਅਗਲੀਆਂ 3-4 ਵਿਧਾਨ ਸਭਾ ਚੋਣਾਂ 'ਚ ਭਾਜਪਾ ਦਾ ਸਫਾਇਆ ਕਰ ਦੇਵੇਗੀ। ਉਨ੍ਹਾ ਇਹ ਵੀ ਦਾਅਵਾ ਕੀਤਾ ਕਿ ਕਾਂਗਰਸ ਕੋਲ ਸੱਤਾਧਾਰੀ ਪਾਰਟੀ ਨੂੰ ਹਰਾਉਣ ਲਈ ਕਾਫੀ ਕੁੱਝ ਹੈ ਤੇ ਭਾਰਤੀ ਆਬਾਦੀ ਦਾ ਵੱਡਾ ਹਿੱਸਾ ਸੱਤਾਧਾਰੀ ਭਾਜਪਾ ਦਾ ਸਮਰਥਨ ਨਹੀਂ ਕਰਦਾ। ਉਨ੍ਹਾ ਇਹ ਟਿੱਪਣੀ ਅਮਰੀਕਾ ਦੇ ਤਿੰਨ ਸ਼ਹਿਰਾਂ ਦੇ ਦੌਰੇ ਦੌਰਾਨ ਪ੍ਰਸਿੱਧ 'ਭਾਰਤੀ-ਅਮਰੀਕੀ ਫਰੈਂਕ ਇਸਲਾਮ' ਵੱਲੋਂ ਉਨ੍ਹਾ ਲਈ ਰੱਖੇ ਸਵਾਗਤੀ ਸਮਾਗਮ ਦੌਰਾਨ ਕੀਤੀ।

ਟਰੈਵਲ ਏਜੰਟ ਦੀ 58 ਲੱਖ ਦੀ ਜਾਇਦਾਦ ਜ਼ਬਤ

ਨਵੀਂ ਦਿੱਲੀ : ਵੱਖ-ਵੱਖ ਮੁਲਕਾਂ ਦੇ ਵਰਕ ਪਰਮਿਟ ਵੀਜ਼ੇ ਦਿਵਾਉਣ ਦੇ ਨਾਂ 'ਤੇ ਠਗੀ ਮਾਰਨ ਦੇ ਮਾਮਲੇ 'ਚ ਲੁਧਿਆਣਾ ਦੇ ਟਰੈਵਲ ਏਜੰਟ ਦੀ 58 ਲੱਖ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਗਈ ਹੈ। ਈ ਡੀ ਨੇ ਕਿਹਾ ਹੈ ਕਿ ਟਰੈਵਲ ਏਜੰਟ ਨਿਤੀਸ਼ ਘਈ ਦੀਆਂ ਕੁਝ ਵਪਾਰਕ ਜਾਇਦਾਦਾਂ ਨੂੰ ਮਨੀ ਲਾਂਡਰਿੰਗ ਰੋਕੂ ਕਾਨੂੰਨ ਤਹਿਤ ਕੁਰਕ ਕੀਤਾ ਗਿਆ ਹੈ। ਮਨੀ ਲਾਂਡਰਿੰਗ ਦਾ ਮਾਮਲਾ ਘਈ ਅਤੇ ਕੁਝ ਹੋਰਾਂ ਵਿਰੁੱਧ ਪੰਜਾਬ ਪੁਲਸ ਵੱਲੋਂ ਦਰਜ ਕਈ ਐੱਫ ਆਈ ਆਰਜ਼ ਦੇ ਆਧਾਰ 'ਤੇ ਦਰਜ ਕੀਤਾ ਗਿਆ ਸੀ।

ਬ੍ਰਿਜ ਭੂਸ਼ਣ ਦੀ ਗ੍ਰਿਫਤਾਰੀ ਲਈ 9 ਤੱਕ ਦਾ ਅਲਟੀਮੇਟਮ

ਭਲਵਾਨਾਂ ਨੂੰ ਮੁੜ ਜੰਤਰ-ਮੰਤਰ 'ਚ ਧਰਨੇ 'ਤੇ ਬਿਠਾਵਾਂਗੇ, ਰੋਕਿਆ ਤਾਂ ਅੰਦੋਲਨ ਕਰਾਂਗੇ : ਟਿਕੈਤ

ਕੁਰੂਕਸ਼ੇਤਰ : ਇੱਥੇ ਸ਼ੁੱਕਰਵਾਰ ਹੋਈ ਖਾਪ ਮਹਾਪੰਚਾਇਤ 'ਚ ਕੇਂਦਰ ਸਰਕਾਰ ਨੂੰ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਤੇ ਭਾਜਪਾ ਸਾਂਸਦ ਬ੍ਰਿਜ ਭੂਸ਼ਣ ਸ਼ਰਣ ਸਿੰਘ ਨੂੰ ਗ੍ਰਿਫਤਾਰ ਕਰਨ ਲਈ 9 ਜੂਨ ਤੱਕ ਦਾ ਅਲਟੀਮੇਟਮ ਦਿੱਤਾ ਗਿਆ। ਇਸ ਮੌਕੇ ਕਿਹਾ ਗਿਆ ਕਿ ਧੀਆਂ ਨੂੰ ਇਨਸਾਫ ਦਿਵਾਉਣ ਲਈ ਤਨ, ਮਨ ਅਤੇ ਧਨ ਨਾਲ ਸੰਘਰਸ਼ ਕੀਤਾ ਜਾਵੇਗਾ। ਜਦੋਂ ਤੱਕ ਬ੍ਰਿਜ ਭੂਸ਼ਣ ਦੀ ਗ੍ਰਿਫਤਾਰੀ ਨਹੀਂ ਹੋ ਜਾਂਦੀ, ਉਦੋਂ ਤੱਕ ਖਾਪਾਂ ਦੀ ਸੰਘਰਸ਼ ਨੂੰ ਹਮਾਇਤ ਜਾਰੀ ਰਹੇਗੀ। ਪੰਜ ਘੰਟੇ ਚੱਲੀ ਮਹਾਪੰਚਾਇਤ ਤੋਂ ਬਾਅਦ ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਮੀਡੀਆ ਨੂੰ ਦੱਸਿਆ ਕਿ ਜੇ 9 ਜੂਨ ਤਕ ਬ੍ਰਿਜ ਭੂਸ਼ਣ ਨੂੰ ਗ੍ਰਿਫਤਾਰ ਨਾ ਕੀਤਾ ਗਿਆ ਤੇ ਭਲਵਾਨਾਂ ਖਿਲਾਫ ਦਰਜ ਕੇਸ ਵਾਪਸ ਨਾ ਲਏ ਗਏ ਤਾਂ ਖਾਪ ਆਗੂ ਖੁਦ ਭਲਵਾਨਾਂ ਨੂੰ ਦੁਬਾਰਾ ਜੰਤਰ-ਮੰਤਰ 'ਤੇ ਧਰਨੇ 'ਤੇ ਬਿਠਾਉਣਗੇ। ਜੇ ਨਾ ਬੈਠਣ ਦਿੱਤਾ ਤਾਂ ਅੰਦੋਲਨ ਦਾ ਐਲਾਨ ਕੀਤਾ ਜਾਵੇਗਾ।

ਇਸੇ ਦੌਰਾਨ ਰਾਹੁਲ ਗਾਂਧੀ ਨੇ ਟਵੀਟ ਕੀਤਾ ਹੈ—25 ਕੌਮਾਂਤਰੀ ਮੈਡਲ ਲਿਆਉਣ ਵਾਲੀਆਂ ਬੇਟੀਆਂ ਸੜਕਾਂ 'ਤੇ ਇਨਸਾਫ ਲਈ ਤਰਲੇ ਕੱਢ ਰਹੀਆਂ ਹਨ। ਦੋ ਐੱਫ ਆਈ ਆਰ ਵਿਚ ਯੌਨ ਸ਼ੋਸ਼ਣ ਦੇ 15 ਘਿਨੌਣੇ ਦੋਸ਼ਾਂ ਵਾਲਾ ਸਾਂਸਦ ਪ੍ਰਧਾਨ ਮੰਤਰੀ ਦੇ ਸੁਰੱਖਿਆ ਕਵਚ ਵਿਚ ਮਹਿਫੂਜ਼ ਹੈ। ਬੇਟੀਆਂ ਦੀ ਇਸ ਹਾਲਤ ਲਈ ਮੋਦੀ ਸਰਕਾਰ ਜ਼ਿੰਮੇਦਾਰ ਹੈ। ਉਧਰ, ਛੇ ਬਾਲਗ ਭਲਵਾਨਾਂ ਅਤੇ ਇਕ ਨਾਬਾਲਗ ਭਲਵਾਨ ਦੇ ਪਿਤਾ ਦੀ ਸ਼ਿਕਾਇਤ ਦੇ ਆਧਾਰ 'ਤੇ ਬ੍ਰਿਜ ਭੂਸ਼ਣ ਖਿਲਾਫ ਦਿੱਲੀ ਪੁਲਸ ਵੱਲੋਂ ਦਰਜ ਕੀਤੀਆਂ ਦੋ ਐੱਫ ਆਈ ਆਰਜ਼ 'ਚ ਕਰੀਬ ਦਹਾਕੇ ਦੌਰਾਨ ਮੁਲਜ਼ਮ ਵੱਲੋਂ ਵੱਖ-ਵੱਖ ਸਮੇਂ 'ਤੇ ਵਿਦੇਸ਼ਾਂ ਤੇ ਹੋਰ ਥਾਵਾਂ 'ਤੇ ਕੀਤੇ ਜਿਨਸੀ ਸ਼ੋਸ਼ਣ ਤੇ ਧਮਕਾਉਣ ਦੀਆਂ ਕਈ ਘਟਨਾਵਾਂ ਦਾ ਜ਼ਿਕਰ ਕੀਤਾ ਗਿਆ ਹੈ।

ਐੱਫ ਆਈ ਆਰ ਵਿਚ ਇਕ ਭਲਵਾਨ ਨੇ ਕਿਹਾ ਹੈ—ਮੈਂ ਬ੍ਰਿਜ ਭੂਸ਼ਣ ਵੱਲੋਂ ਮੇਰੇ ਤੇ ਹੋਰਨਾਂ ਮਹਿਲਾ ਭਲਵਾਨਾਂ ਨਾਲ ਕੀਤੀਆਂ ਗਈਆਂ ਬਦਤਮੀਜ਼ੀਆਂ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਨਿਜੀ ਤੌਰ 'ਤੇ ਦੱਸਿਆ ਸੀ। ਮਾਣਯੋਗ ਪ੍ਰਧਾਨ ਮੰਤਰੀ ਨੇ ਮੈਨੂੰ ਕਿਹਾ ਕਿ ਖੇਡ ਮੰਤਰਾਲਾ ਸ਼ਿਕਾਇਤਾਂ 'ਤੇ ਗੌਰ ਕਰੇਗਾ ਤੇ ਮੰਤਰਾਲੇ ਤੋਂ ਛੇਤੀ ਤੈਨੂੰ ਫੋਨ ਆਵੇਗਾ।

ਬ੍ਰਿਜ ਭੂਸ਼ਣ ਨੂੰ ਸੰਤਾਂ ਦੀ ਸਭਾ ਕਰਨ ਦੀ ਆਗਿਆ ਨਹੀਂ ਮਿਲੀ

ਲਖਨਊ : ਪੁਲਸ ਨੇ ਦੱਸਿਆ ਹੈ ਕਿ ਭਾਜਪਾ ਦੇ ਸੰਸਦ ਮੈਂਬਰ ਬ੍ਰਿਜ ਭੂਸ਼ਣ ਸ਼ਰਣ ਸਿੰਘ ਨੂੰ 5 ਜੂਨ ਨੂੰ ਅਯੁੱਧਿਆ 'ਚ ਸੰਤਾਂ ਦੀ ਸਭਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ। ਇਸ ਦੌਰਾਨ ਬ੍ਰਿਜ ਭੂਸ਼ਣ ਨੇ ਕਿਹਾ ਕਿ ਭਲਵਾਨਾਂ ਵੱਲੋਂ ਉਨ੍ਹਾਂ 'ਤੇ ਲਾਏ ਦੋਸ਼ਾਂ ਦੀ ਜਾਂਚ ਦੇ ਮੱਦੇਨਜ਼ਰ ਅਯੁੱਧਿਆ ਦਾ ਪ੍ਰੋਗਰਾਮ ਕੁਝ ਦਿਨਾਂ ਲਈ ਮੁਲਤਵੀ ਕਰ ਦਿੱਤਾ ਗਿਆ ਹੈ। ਸੂਤਰਾਂ ਮੁਤਾਬਕ ਬ੍ਰਿਜ ਭੂਸ਼ਣ ਨੇ ਭਾਜਪਾ ਹਾਈਕਮਾਨ ਦੇ ਕਹਿਣ 'ਤੇ ਸਭਾ ਰੱਦ ਕੀਤੀ ਹੈ। ਹਾਈਕਮਾਨ ਨੇ ਉਸਨੂੰ ਬਿਆਨਬਾਜ਼ੀ ਤੋਂ ਬਚਣ ਲਈ ਵੀ ਕਿਹਾ ਹੈ।

ਮੋਦੀ ਦਾ ਗੁਣਗਾਨ, ਭਲਵਾਨਾਂ ਬਾਰੇ ਖਾਮੋਸ਼ੀ

ਮੁਹਾਲੀ : ਕੇਂਦਰੀ ਮੰਤਰੀ ਗਜੇਂਦਰ ਸ਼ੇਖਾਵਤ ਨੇ ਸ਼ੁੱਕਰਵਾਰ ਇੱਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀਆਂ 9 ਸਾਲਾਂ ਦੀਆਂ ਪ੍ਰਾਪਤੀਆਂ ਗਿਣਵਾਈਆਂ। ਇਸ ਦੌਰਾਨ ਕੇਂਦਰੀ ਮੰਤਰੀ ਨੇ ਮੀਡੀਆ ਦੇ ਸਵਾਲਾਂ ਦੇ ਗੋਲ-ਮੋਲ ਜਵਾਬ ਦਿੱਤੇ। ਭਾਜਪਾ ਆਗੂ ਵੱਲੋਂ ਮਹਿਲਾ ਸਸ਼ਕਤੀਕਰਨ ਅਤੇ ਖੇਤੀ ਸੈਕਟਰ ਬਾਰੇ ਵੱਡੇ ਦਾਅਵੇ ਕੀਤੇ ਗਏ, ਪਰ ਜਦੋਂ ਪੱਤਰਕਾਰਾਂ ਨੇ ਜਿਨਸੀ ਸ਼ੋਸ਼ਣ ਮਾਮਲੇ 'ਤੇ ਭਲਵਾਨਾਂ ਦੇ ਪ੍ਰਦਰਸ਼ਨ ਅਤੇ ਕਿਸਾਨਾਂ ਦੀਆਂ ਲਟਕਦੀਆਂ ਮੰਗਾਂ ਬਾਰੇ ਪੁੱਛਿਆ ਤਾਂ ਉਨ੍ਹਾ ਨੇ ਜਵਾਬ ਦੇਣ ਤੋਂ ਟਾਲਾ ਵੱਟ ਲਿਆ।

ਵੈਟਰਨ ਕ੍ਰਿਕਟਰ ਭਲਵਾਨਾਂ ਨਾਲ ਬਦਤਮੀਜ਼ੀ ਤੋਂ ਦੁਖੀ

ਨਵੀਂ ਦਿੱਲੀ : 1983 ਦਾ ਵਰਲਡ ਕ੍ਰਿਕਟ ਕੱਪ ਜਿੱਤਣ ਵਾਲੀ ਭਾਰਤੀ ਟੀਮ ਨੇ ਬ੍ਰਿਜ ਭੂਸ਼ਣ ਖਿਲਾਫ ਅੰਦੋਲਨ ਕਰ ਰਹੇ ਭਲਵਾਨਾਂ ਦੀ ਹਮਾਇਤ ਕੀਤੀ ਹੈ। ਕਪਿਲ ਦੇਵ ਦੀ ਅਗਵਾਈ ਵਾਲੀ ਟੀਮ ਵਿਚ ਸ਼ਾਮਲ ਸੁਨੀਲ ਗਵਾਸਕਰ, ਰੋਜਰ ਬਿੰਨੀ (ਭਾਰਤੀ ਕ੍ਰਿਕਟ ਕੰਟਰੋਲ ਬੋਰਡ ਦੇ ਵਰਤਮਾਨ ਪ੍ਰਧਾਨ), ਦਲੀਪ ਵੈਂਗਸਰਕਰ ਤੇ ਮਦਨ ਲਾਲ ਸਮੇਤ ਕਈ ਖਿਡਾਰੀਆਂ ਨੇ ਸਾਂਝੇ ਬਿਆਨ ਵਿਚ ਕਿਹਾ ਹੈ—ਅਸੀਂ ਭਲਵਾਨਾਂ ਨਾਲ ਹੋ ਰਹੀ ਬਦਤਮੀਜ਼ੀ ਤੋਂ ਦੁਖੀ ਹਾਂ। ਸਾਨੂੰ ਚਿੰਤਾ ਇਸ ਗੱਲ ਦੀ ਹੈ ਕਿ ਉਹ ਆਪਣੀ ਮਿਹਨਤ ਦੀ ਕਮਾਈ ਨੂੰ ਗੰਗਾ ਨਦੀ ਵਿਚ ਵਹਾਉਣ ਦੀ ਸੋਚ ਰਹੇ ਹਨ। ਉਹ ਮੈਡਲ ਨਾ ਸਿਰਫ ਉਨ੍ਹਾਂ ਦੇ ਆਪਣੇ ਹਨ, ਸਗੋਂ ਦੇਸ਼ ਦਾ ਵੀ ਗੌਰਵ ਹਨ। ਅਸੀਂ ਅਪੀਲ ਕਰਦੇ ਹਾਂ ਕਿ ਭਲਵਾਨ ਜਲਦਬਾਜ਼ੀ ਵਿਚ ਕੋਈ ਫੈਸਲਾ ਨਾ ਲੈਣ। ਅਸੀਂ ਉਮੀਦ ਕਰਦੇ ਹਾਂ ਕਿ ਉਨ੍ਹਾਂ ਦੀਆਂ ਸ਼ਿਕਾਇਤਾਂ ਨੂੰ ਸੁਣ ਕੇ ਛੇਤੀ ਤੋਂ ਛੇਤੀ ਹੱਲ ਕੀਤਾ ਜਾਵੇਗਾ।

ਕਾਨੂੰਨ ਕਮਿਸ਼ਨ ਦੇਸ਼ ਧ੍ਰੋਹ ਦੀ ਧਾਰਾ ਇਕਵੱਢਿਓਂ ਖਤਮ ਕਰਨ ਦੇ ਖਿਲਾਫ

ਨਵੀਂ ਦਿੱਲੀ : ਕਾਨੂੰਨ ਕਮਿਸ਼ਨ ਨੇ ਦੇਸ਼ ਧ੍ਰੋਹ ਦੇ ਅਪਰਾਧ ਨਾਲ ਸੰਬੰਧਤ ਸਜ਼ਾ ਦੀ ਵਿਵਸਥਾ ਦਾ ਸਮਰਥਨ ਕਰਦੇ ਹੋਏ ਕਿਹਾ ਹੈ ਕਿ ਇਸ ਨੂੰ ਪੂਰੀ ਤਰ੍ਹਾਂ ਰੱਦ ਕਰਨ ਨਾਲ ਦੇਸ਼ ਦੀ ਸੁਰੱਖਿਆ ਅਤੇ ਅਖੰਡਤਾ 'ਤੇ ਗੰਭੀਰ ਮਾੜਾ ਪ੍ਰਭਾਵ ਪੈ ਸਕਦਾ ਹੈ। ਦੇਸ਼ ਧ੍ਰੋਹ ਨਾਲ ਸੰਬੰਧਤ ਭਾਰਤੀ ਦੰਡ ਵਿਧਾਨ ਦੀ ਧਾਰਾ 124 ਏ ਮਈ 2022 'ਚ ਜਾਰੀ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਤੋਂ ਬਾਅਦ ਮੁਅੱਤਲ ਕਰ ਦਿੱਤੀ ਗਈ ਹੈ। ਕਮਿਸ਼ਨ ਨੇ ਕਿਹਾ ਕਿ ਇਸ ਵਿਵਸਥਾ ਨੂੰ ਸਿਰਫ ਇਸ ਆਧਾਰ 'ਤੇ ਰੱਦ ਕਰਨਾ ਸਹੀ ਨਹੀਂ ਕਿ ਕੁਝ ਦੇਸ਼ਾਂ ਨੇ ਅਜਿਹਾ ਕੀਤਾ ਹੈ। ਇਹ ਭਾਰਤ ਦੀ ਜ਼ਮੀਨੀ ਹਕੀਕਤ ਨੂੰ ਅੱਖੋਂ-ਪਰੋਖੇ ਕਰਨਾ ਹੈ। ਇਸ ਦੀ ਦੁਰਵਰਤੋਂ ਨੂੰ ਰੋਕਣ ਲਈ ਜ਼ਰੂਰੀ ਕਦਮ ਚੁੱਕ ਕੇ ਇਸ ਵਿਵਸਥਾ ਨੂੰ ਕਾਇਮ ਰੱਖਿਆ ਜਾ ਸਕਦਾ ਹੈ। ਕਮਿਸ਼ਨ ਨੇ ਹਾਲ ਹੀ 'ਚ ਸਰਕਾਰ ਨੂੰ ਸੌਂਪੀ ਰਿਪੋਰਟ 'ਚ ਕਿਹਾ ਹੈ ਕਿ ਭਾਰਤੀ ਦੰਡਾਵਲੀ (ਆਈ ਪੀ ਸੀ) ਦੀ ਧਾਰਾ 124 ਏ ਦੀ ਦੁਰਵਰਤੋਂ ਦੇ ਮੱਦੇਨਜ਼ਰ ਇਹ ਸਿਫਾਰਸ਼ ਕਰਦਾ ਹੈ ਕਿ ਕੇਂਦਰ ਇਸ ਨੂੰ ਰੋਕਣ ਲਈ ਦਿਸ਼ਾ-ਨਿਰਦੇਸ਼ ਜਾਰੀ ਕਰੇ। 22ਵੇਂ ਲਾਅ ਕਮਿਸ਼ਨ ਦੇ ਚੇਅਰਮੈਨ ਜਸਟਿਸ ਰਿਤੂ ਰਾਜ ਅਵਸਥੀ (ਸੇਵਾਮੁਕਤ) ਨੇ ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਨੂੰ ਇਸ ਬਾਰੇ ਪੱਤਰ ਭੇਜਿਆ ਹੈ।

ਬਾਹਰੋਂ ਆਉਣ ਵਾਲੇ ਫੋਨ ਤੋਂ ਖਬਰਦਾਰ

ਨਵੀਂ ਦਿੱਲੀ : ਸਾਈਬਰ ਅਪਰਾਧੀਆਂ ਨੇ ਉੱਤਰੀ ਦਿੱਲੀ ਦੇ ਰਹਿਣ ਵਾਲੇ ਪਰਵਾਰ ਦੇ ਨਜ਼ਦੀਕੀ ਰਿਸ਼ਤੇਦਾਰ ਨੂੰ ਆਸਟਰੇਲੀਆ ਦੀ ਜੇਲ੍ਹ ਤੋਂ ਰਿਹਾਅ ਕਰਵਾਉਣ ਦੇ ਬਹਾਨੇ 4 ਲੱਖ ਰੁਪਏ ਦੀ ਠੱਗੀ ਮਾਰ ਲਈ। ਗੁਰਸਿਮਰਨ ਸਿੰਘ (29) ਨੇ ਹਾਲ ਹੀ ਵਿਚ ਜ਼ਿਲ੍ਹਾ ਸਾਈਬਰ ਸੈੱਲ ਕੋਲ ਐੱਫ ਆਈ ਆਰ ਦਰਜ ਕਰਵਾ ਕੇ ਦੋਸ਼ ਲਾਇਆ ਹੈ ਕਿ ਉਸ ਦੀ ਮਾਂ ਨੂੰ ਇੰਟਰਨੈਸ਼ਨਲ ਫੋਨ ਨੰਬਰ ਤੋਂ ਵਟਸਐਪ 'ਤੇ ਕਾਲ ਆਈ ਅਤੇ ਫੋਨ ਕਰਨ ਵਾਲੇ ਨੇ ਖੁਦ ਨੂੰ ਨੌਨਿਹਾਲ ਸਿੰਘ ਦੱਸਿਆ। ਗੁਰਸਿਮਰਨ ਨੇ ਐੱਫ ਆਈ ਆਰ 'ਚ ਕਿਹਾ-ਰਿਸ਼ਤੇ ਵਿਚ ਨੌਨਿਹਾਲ ਮੇਰਾ ਭਰਾ ਲੱਗਦਾ ਹੈ ਅਤੇ ਉਹ ਪੜ੍ਹਾਈ ਲਈ ਆਸਟਰੇਲੀਆ ਗਿਆ ਹੋਇਆ ਹੈ। ਉਸ ਨੇ ਮੇਰੀ ਮਾਂ ਨੂੰ ਦੱਸਿਆ ਕਿ ਉਸ ਦੇ ਦੋਸਤਾਂ ਦੀ ਕਿਸੇ ਵਿਅਕਤੀ ਨਾਲ ਲੜਾਈ ਹੋਈ ਸੀ, ਜਿਸ ਤੋਂ ਬਾਅਦ ਵਿਅਕਤੀ ਦੀ ਮੌਤ ਹੋ ਗਈ ਅਤੇ ਪੁਲਸ ਨੇ ਇਸ ਸੰਬੰਧ 'ਚ ਅਪਰਾਧਕ ਮਾਮਲਾ

3-JUNE-PAGE-1.qxd 6/2/2023 10:26 PM Page 2

ਛੇਵਾਂ ਪੇਅ ਕਮਿਸ਼ਨ ਲਾਗੂ ਨਾ ਕਰਨ 'ਤੇ ਪੈਨਸ਼ਨਰਾਂ 'ਚ ਭਾਰੀ ਰੋਸ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਪੰਚਾਇਤ ਸੰਮਤੀਆਂ ਤੇ ਜ਼ਿਲ੍ਹਾ ਪ੍ਰੀਸ਼ਦ ਪੈਨਸ਼ਨਰ ਯੂਨੀਅਨ ਜ਼ਿਲ੍ਹਾ ਫ਼ਿਰੋਜ਼ਪੁਰ ਦੀ ਮੀਟਿੰਗ ਬਲਬੀਰ ਸਿੰਘ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ।ਇਸ ਸਬੰਧੀ ਤਰਲੋਕ ਸਿੰਘ ਸੀਨੀਅਰ ਮੀਤ ਪ੍ਰਧਾਨ ਨੇ ਦੱਸਿਆ ਕਿ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਡਾਇਰੈਕਟਰ ਗੁਰਪ੍ਰੀਤ ਸਿੰਘ ਖਹਿਰਾ ਪੈਨਸ਼ਨਰਾਂ ਨੂੰ ਛੇਵਾਂ ਪੇ ਕਮਿਸ਼ਨ ਦੇਣ ਵਿੱਚ ਆਨਾਕਾਨੀ ਕਰ ਰਹੇ ਹਨ। ਮੀਟਿੰਗ ਵਿੱਚ ਪਸਸਫ ਦੇ ਸਾਬਕਾ ਪ੍ਰਧਾਨ ਕਿਸ਼ਨ ਚੰਦ ਜਾਗੋਵਾਲੀਆ ਨੇ ਵੀ ਡਾਇਰੈਕਟਰ ਪੰਚਾਇਤ ਵੱਲੋਂ ਮੌਜੂਦਾ ਕਰਮਚਾਰੀਆਂ 'ਤੇ ਛੇਵਾਂ ਪੇ ਕਮਿਸ਼ਨ ਲਾਗੂ ਕਰਨ ਤੇ ਪੈਨਸ਼ਨਰਜ਼ ਨੂੰ ਛੇਵੇਂ ਪੇ ਕਮਿਸ਼ਨ ਦਾ ਲਾਭ ਨਾ ਦੇਣ ਦੀ ਨਿਖੇਧੀ ਕੀਤੀ।ਉਨ੍ਹਾਂ ਕਿਹਾ ਕਿ ਪੈਨਸ਼ਨਰਜ਼ ਦੇ ਸੀਨੀਅਰ/ਸੁਪਰ ਸੀਨੀਅਰ ਸਿਟੀਜਨ ਹੋਣ 'ਤੇ ਇਨ੍ਹਾਂ ਨੂੰ ਛੇਵਾਂ ਕਮਿਸ਼ਨ ਤੁਰੰਤ ਲਾਗੂ ਕੀਤਾ ਜਾਵੇ।ਮੀਟਿੰਗ 'ਚ ਹੋਰਨਾਂ ਤੋਂ ਇਲਾਵਾ ਗੁਰਮੇਜ ਸਿੰਘ ਮੀਤ ਪ੍ਰਧਾਨ, ਸੁਰਿੰਦਰ ਕੁਮਾਰ ਸ਼ਰਮਾ ਖ਼ਜ਼ਾਨਚੀ, ਸੁਖਦੇਵ ਸਿੰਘ ਬਰਾੜ ਸੁਪਰਡੈਂਟ, ਗੁਰਤੇਜ ਸਿੰਘ ਪ੍ਰੈੱਸ ਸਕੱਤਰ, ਬੂਟਾ ਸਿੰਘ, ਰਮੇਸ਼ ਭੱਟੀ ਮੀਤ ਪ੍ਰਧਾਨ, ਰਮੇਸ਼ ਕੁਮਾਰੀ, ਲਾਲਜੀਤ ਚੌਕੀਦਾਰ, ਰਾਮਾ ਨੰਦ, ਹਰਬੰਸ ਸਿੰਘ ਸੁਪਰਡੈਂਟ ਜ਼ੀਰਾ, ਗੁਰਦੀਪ ਸਿੰਘ ਡਰਾਈਵਰ, ਗੁਰਬਚਨ ਸਿੰਘ ਪੰਚਾਇਤ ਸਕੱਤਰ ਮਮਦੋਟ ਹਾਜ਼ਰ ਸਨ।

'ਰਾਜੀਵ ਗਾਂਧੀ ਪੰਚਾਇਤੀ ਰਾਜ ਸੰਗਠਨ' ਦੇ ਅਹੁਦੇਦਾਰ ਸਨਮਾਨਤ

ਮਲੋਟ, (ਗੁਰਮੀਤ ਸਿੰਘ ਮੱਕੜ) : ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਸ਼ੁੱਭਦੀਪ ਸਿੰਘ ਬਿੱਟੂ ਦੀ ਅਗਵਾਈ ਹੇਠ ਇੱਕ ਅਹਿਮ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦਾ ਮੁੱਖ ਮੰਤਵ 'ਰਾਜੀਵ ਗਾਂਧੀ ਪੰਚਾਇਤੀ ਰਾਜ ਸੰਗਠਨ' ਤਹਿਤ ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਸਨਮਾਨਤ ਕਰਨਾ ਸੀ, ਜਿਸ ਵਿੱਚ ਗੁਰਜੰਟ ਸਿੰਘ ਬਰਾੜ ਨੂੰ ਜ਼ਿਲ੍ਹਾ ਪ੍ਰਧਾਨ ਬਣਨ ਤੇ ਜਗਦੀਸ਼ ਖੇੜਾ ਨੂੰ ਪੰਜਾਬ ਕਮੇਟੀ ਦਾ ਜਨਰਲ ਸੈਕਰਟੀ ਬਣਾਉਣ 'ਤੇ ਵਧਾਈ ਦਿੱਤੀ ਗਈ ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਬਲਾਕ ਸ਼ਹਿਰੀ ਪ੍ਰਧਾਨ ਸ਼ਿਵ ਕੁਮਾਰ ਸ਼ਿਵਾ ਨੇ ਨਵੇਂ ਅਹੁਦੇਦਾਰਾਂ ਨੂੰ ਸਨਮਾਨਤ ਕੀਤਾ। ਇਸ ਮੌਕੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੈਂਬਰ ਹਰਚਰਨ ਸਿੰਘ ਸੋਥਾ, ਸੀਨੀਅਰ ਵਾਇਸ ਪ੍ਰਧਾਨ ਅਵਤਾਰ ਸੋਨੀ, ਨਗਰ ਕੌਂਸਲਰ ਅਸ਼ਵਨੀ ਖੇੜਾ, ਨਗਰ ਕੌਂਸਲਰ ਲੀਲੂ ਰਾਮ, ਸੁਸ਼ੀਲ ਕੁਮਾਰ ਮੰਡੀ ਕਿਲਿਆਂਵਾਲੀ, ਸਰਪੰਚ ਜਬਰਜੰਗ ਸਿੰਘ, ਸਾਬਕਾ ਸਰਪੰਚ ਜਗਸੀਰ ਸਿੰਘ ਜੱਗਾ, ਬਿੰਨੀ ਮਾਨ, ਪਲਵਿੰਦਰ ਸਿੰਘ ਪੱਕੀ, ਅਨਾਰ ਸਿੰਘ ਅਸਪਾਲਾਂ, ਬਲਜਿੰਦਰ ਸਿੰਘ ਕੱਟਿਆਂਵਾਲੀ, ਗੋਗਾ ਜਿਗਰੀ ਘੁਮਿਆਰਾ ਆਦਿ ਕਾਂਗਰਸੀ ਵਰਕਰ ਹਾਜ਼ਰ ਸਨ।

ਬਲੌਜ਼ਮਜ਼ ਸਕੂਲ 'ਚ ਲੱਗੀ ਕਲਾ ਪ੍ਰਦਰਸ਼ਨੀ ਬਣੀ ਖਿੱਚ ਦਾ ਕੇਂਦਰ

ਜਗਰਾਓਂ (ਅਮਿਤ ਖੰਨਾ)-ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਮਾਪਿਆਂ ਲਈ ਆਪਣੇ ਬੱਚਿਆਂ ਦੀ ਕਾਰਗੁਜ਼ਾਰੀ ਪ੍ਰਤੀ ਰੱਖੀ ਗਈ ਮੀਟਿੰਗ ਦੌਰਾਨ ਸਕੂਲ ਅੰਦਰ ਚੱਲ ਰਹੇ ਹਾਊਸਜ਼ ਵਿਚਕਾਰ ਇੱਕ ਕਲਾ ਪ੍ਰਦਰਸ਼ਨੀ ਪ੍ਰਤੀਯੋਗਿਤਾ ਦੇ ਆਧਾਰ 'ਤੇ ਰੱਖੀ ਗਈ, ਜਿਸ ਵਿੱਚ ਸਾਰੇ ਹੀ ਵਿਦਿਆਰਥੀਆਂ ਨੇ ਆਪੋ-ਆਪਣੀ ਕਲਾ ਨੂੰ ਬਾਹਰ ਕੱਢਦੇ ਹੋਏ ਬਹੁਤ ਸਾਰੇ ਚਾਰਟ, ਮਾਡਲ, ਵੇਸਟ ਮਟੀਰੀਅਲ ਦੀਆਂ ਵਰਤਣਯੋਗ ਚੀਜ਼ਾਂ ਬਣਾ ਕੇ ਇੱਥੇ ਪਹੁੰਚੇ ਹਰ ਇੱਕ ਵਿਅਕਤੀ ਦਾ ਧਿਆਨ ਆਪਣੇ ਵੱਲ ਖਿੱਚਿਆ। ਪ੍ਰਿੰਸੀਪਲ ਡਾ: ਅਮਰਜੀਤ ਕੌਰ ਨਾਜ਼ ਨੇ ਵਿਦਿਆਰਥੀਆਂ ਦੀ ਸ਼ਲਾਘਾ ਕਰਦੇ ਹੋਏ ਇਸ ਪ੍ਰਤੀਯੋਗਿਤਾ ਵਿੱਚੋਂ ਡਾ: ਏ.ਪੀ.ਜੇ. ਅਬਦੁਲ ਕਲਾਮ ਨੂੰ ਪਹਿਲਾ, ਪ੍ਰਤੀਭਾ ਪਾਟਿਲ ਨੂੰ ਦੂਜਾ, ਰਵਿੰਦਰਨਾਥ ਟੈਗੋਰ ਤੇ ਕਲਪਨਾ ਚਾਵਲਾ ਹਾਊਸ ਨੂੰ ਤੀਜੇ ਦਰਜੇ 'ਤੇ ਘੋਸ਼ਿਤ ਕੀਤਾ। ਇਸ ਤੋਂ ਇਲਾਵਾ ਨੌਵੀਂ ਤੋਂ ਬਾਰਵੀਂ ਜਮਾਤਾਂ ਨੂੰ ਸਭ ਤੋਂ ਵੱਧ ਮਿਹਨਤ ਕਰਨ ਦਾ ਦਰਜਾ ਘੋਸ਼ਿਤ ਕੀਤਾ ਗਿਆ। ਪ੍ਰਿੰਸੀਪਲ ਨੇ ਇੱਕ ਸੁਨੇਹਾ ਵੀ ਦਿੱਤਾ ਕਿ ਗਰਮੀਆਂ ਦੀਆਂ ਹੋ ਰਹੀਆਂ ਛੁੱਟੀਆਂ ਦੌਰਾਨ ਹਰ ਇੱਕ ਬੱਚਾ ਆਪਣੀ ਪੜ੍ਹਾਈ ਦੀ ਦੁਹਰਾਈ ਕਰੇ ਤਾਂ ਜੋ ਆਪਣੀਆਂ ਤਰੁੱਟੀਆਂ ਨੂੰ ਦੂਰ ਕਰਕੇ ਨਵੇਂ ਜੋਸ਼ ਨਾਲ ਸਕੂਲ ਵਾਪਸੀ ਕਰਨ। ਇਸ ਮੌਕੇ ਸਕੂਲ ਦੇ ਚੇਅਰਮੈਨ ਹਰਭਜਨ ਸਿੰਘ ਜੌਹਲ, ਪ੍ਰੈਜ਼ੀਡੈਂਟ ਮਨਪ੍ਰੀਤ ਸਿੰਘ ਬਰਾੜ, ਅਜਮੇਰ ਸਿੰਘ ਰੱਤੀਆਂ ਤੇ ਸਤਵੀਰ ਸਿੰਘ ਸੋਥੋਂ ਨੇ ਵੀ ਵਿਦਿਆਰਥੀਆਂ ਦੀ ਮਿਹਨਤ ਦੀ ਸ਼ਲਾਘਾ ਕੀਤੀ।

ਸ਼ਿਵਾਲਿਕ ਸਕੂਲ 'ਚ ਪੂਲ ਪਾਰਟੀ ਮਨਾਈ

ਜਗਰਾਓਂ (ਅਮਿਤ ਖੰਨਾ)-ਸ਼ਿਵਾਲਿਕ ਮਾਡਲ ਸਕੂਲ 'ਚ ਬੱਚਿਆਂ ਨੂੰ ਗਰਮੀ ਤੋਂ ਕੁਝ ਰਾਹਤ ਦੇਣ ਲਈ ਪੂਲ ਪਾਰਟੀ ਦੌਰਾਨ ਬੱਚਿਆਂ ਨੇ ਠੰਡੇ ਪਾਣੀ 'ਚ ਨਹਾਉਣ ਦਾ ਆਨੰਦ ਮਾਣਿਆ। ਇਸ ਵਾਰ ਬਾਥਟੱਬ ਤੇ ਨਕਲੀ ਮੀਂਹ ਤੋਂ ਇਲਾਵਾ ਬੱਚਿਆਂ ਦੇ ਖਾਣ ਲਈ ਨਾਸ਼ਤੇ ਤੇ ਜੂਸ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਸਕੂਲ ਦੀ ਪ੍ਰਿੰਸੀਪਲ ਨੀਲਮ ਸ਼ਰਮਾ ਨੇ ਕਿਹਾ ਕਿ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਅਜਿਹੀਆਂ ਗਤੀਵਿਧੀਆਂ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ, ਤਾਂ ਜੋ ਬੱਚੇ ਮਾਨਸਿਕ ਤੇ ਸਰੀਰਕ ਤੌਰ 'ਤੇ ਤੰਦਰੁਸਤ ਰਹਿ ਸਕਣ।

ਨਗਰ ਕੌਂਸਲ ਦੇ ਸੀਨੀਅਰ ਮੀਤ ਪ੍ਰਧਾਨ ਤੇ ਮੀਤ ਪ੍ਰਧਾਨ ਦੀ ਚੋਣ

ਜਗਰਾਓਂ (ਅਮਿਤ ਖੰਨਾ)-ਨਗਰ ਕੌਂਸਲ ਜਗਰਾਉਂ ਦੀ ਸੀਨੀਅਰ ਮੀਤ ਪ੍ਰਧਾਨ ਤੇ ਮੀਤ ਪ੍ਰਧਾਨ ਦੀ ਹੋਈ ਚੋਣ ਵਿੱਚ ਕੌਂਸਲਰ ਅਮਰਜੀਤ ਸਿੰਘ ਮਾਲਵਾ ਦੇ ਹੱਕ ਵਿੱਚ 14 ਕੌਂਸਲਰਾਂ ਨੇ ਆਪਣੀ ਸਹਿਮਤੀ ਜ਼ਾਹਰ ਕਰਦਿਆਂ ਸੀਨੀਅਰ ਮੀਤ ਪ੍ਰਧਾਨ ਬਣਾਉਣ ਵਿੱਚ ਆਪਣਾ ਅਹਿਮ ਰੋਲ ਅਦਾ ਕੀਤਾ ਅਤੇ ਇਸ ਲੜੀ ਵਿੱਚ ਮਹਿਲਾ ਕੌਂਸਲਰ ਸੁਖਦੇਵ ਕੌਰ ਧਾਲੀਵਾਲ ਨੂੰ ਵੀ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੌਂਸਲਰ ਅਮਰਜੀਤ ਸਿੰਘ ਮਾਲਵਾ ਨੇ ਕਿਹਾ ਕਿ ਹਲਕਾ ਵਿਧਾਇਕ ਮਾਣੂਕੇ ਤੇ ਕੌਂਸਲਰਾਂ ਵੱਲੋਂ ਉਨ੍ਹਾਂ ਨੂੰ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਸ਼ਹਿਰ ਦੇ ਵਿਕਾਸ ਕਾਰਜਾਂ ਨੂੰ ਪਹਿਲ ਦੇ ਆਧਾਰ 'ਤੇ ਕਰਨ ਵਿੱਚ ਅਹਿਮ ਯੋਗਦਾਨ ਅਦਾ ਕਰਨਗੇ।

ਜ਼ਿਲ੍ਹਾ ਪ੍ਰੋਗਰਾਮ ਅਫਸਰ ਦੀ ਮੁਲਾਜ਼ਮਾਂ ਨਾਲ ਮੀਟਿੰਗ

ਸ੍ਰੀ ਮੁਕਤਸਰ ਸਾਹਿਬ (ਪੂਜਾ/ਸ਼ਮਿੰਦਰ)-ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਨਵੇਂ ਜ਼ਿਲ੍ਹਾ ਪ੍ਰੋਗਰਾਮ ਅਫਸਰ ਪੰਕਜ ਕੁਮਾਰ ਵੱਲੋਂ ਜੁਆਇਨ ਕਰਨ ਉਪਰੰਤ ਜ਼ਿਲ੍ਹਾ ਬਾਲ ਸੁਰੱਖਿਆ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਨਾਲ ਮੀਟਿੰਗ ਕੀਤੀ ਗਈ। ਇਸ ਦੌਰਾਨ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਬੁੱਕੇ ਦੇ ਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਇਸ ਤੋਂ ਬਾਅਦ ਜ਼ਿਲ੍ਹਾ ਪ੍ਰੋਗਰਾਮ ਅਫਸਰ ਵੱਲੋਂ ਮੀਟਿੰਗ ਦੌਰਾਨ ਸਾਰੇ ਸਟਾਫ ਮੈਂਬਰਾਂ ਬਾਰੇ ਜਾਣਕਾਰੀ ਲਈ ਗਈ। ਇਸ ਦੌਰਾਨ ਉਨ੍ਹਾਂ ਵੱਲੋਂ ਜ਼ਿਲ੍ਹਾ ਬਾਲ ਸੁਰੱਖਿਆ ਵਿਭਾਗ ਵੱਲੋਂ ਬੱਚਿਆਂ ਦੀ ਭਲਾਈ ਲਈ ਚੱਲ ਰਹੀਆਂ ਸਕੀਮਾਂ ਦਾ ਰੀਵਿਊ ਕੀਤਾ ਗਿਆ। ਜ਼ਿਲ੍ਹਾ ਪ੍ਰੋਗਰਾਮ ਅਫਸਰ ਵੱਲੋਂ ਮਹੀਨਾ ਜੂਨ ਨੂੰ ਚਾਈਲਡ ਲੇਬਰ ਵਿਰੋਧੀ ਹਫਤਾ ਮਨਾਉਣ ਦੇ ਆਦੇਸ਼ ਦਿੱਤੇ ਗਏ।

ਡੀ ਏ ਵੀ ਕਾਲਜ ਅਧਿਆਪਕਾਂ ਦਾ ਧਰਨਾ ਤੀਜੇ ਦਿਨ ਵੀ ਜਾਰੀ ਰਿਹਾ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਡੀਏਵੀ ਕਾਲਜ ਫ਼ਾਰ ਵੂਮੈਨ ਫ਼ਿਰੋਜ਼ਪੁਰ ਛਾਉਣੀ ਦੇ ਅਧਿਆਪਕਾਂ ਵੱਲੋਂ ਸ਼ੁੱਕਰਵਾਰ ਤੀਜੇ ਦਿਨ ਵੀ ਜੁਆਇੰਟ ਐਕਸ਼ਨ ਕਮੇਟੀ ਦੇ ਸੱਦੇ 'ਤੇ ਸੂਬਾ ਪੱਧਰੀ ਧਰਨਾ ਦਿੱਤਾ ਗਿਆ।ਇਸ ਦੀ ਜਾਣਕਾਰੀ ਦਿੰਦਿਆਂ ਡਾ. ਅੰਮ੍ਰਿਤਪਾਲ ਕੌਰ ਸੰਧੂ (ਕਨਵੀਨਰ ਵੂਮੈਨ ਸੈੱਲ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ) ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਉਚੇਰੀ ਸਿੱਖਿਆ ਪ੍ਰਤੀ ਮਾਰੂ ਨੀਤੀਆਂ ਵਿਰੁੱਧ ਪੰਜਾਬ ਭਰ ਦੇ ਕਾਲਜਾਂ ਦੀਆਂ ਮੈਨੇਜਮੈਂਟਾਂ, ਪ੍ਰਿੰਸੀਪਲ ਤੇ ਅਧਿਆਪਕ ਅੱਜ ਤੀਸਰੇ ਦਿਨ ਵੀ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ।ਪੰਜਾਬ ਸਰਕਾਰ ਨੇ ਸਾਰੇ ਪੰਜਾਬ ਦੇ ਕਾਲਜਾਂ ਵਿੱਚ ਆਨਲਾਈਨ ਐਡਮਿਸ਼ਨ ਪੋਰਟਲ ਲਾਗੂ ਕਰ ਦਿੱਤਾ ਹੈ, ਜਿਸ ਵਿੱਚ ਏਡਿਡ ਤੇ ਅਨ-ਏਡਿਡ ਕਾਲਜ ਸ਼ਾਮਲ ਹਨ, ਜਦਕਿ ਪੰਜਾਬ ਵਿੱਚ ਪ੍ਰਾਈਵੇਟ ਯੂਨੀਵਰਸਿਟੀਆਂ ਨੂੰ ਇਸ ਪੋਰਟਲ ਤੋਂ ਰਾਇਤ ਦਿੱਤੀ ਗਈ ਹੈ।ਇਸ ਦਾ ਸਿੱਧਾ ਮਾਰੂ ਅਸਰ ਪੰਜਾਬ ਦੇ ਏਡਿਡ ਤੇ ਅਨ-ਏਡਿਡ ਕਾਲਜਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਤੇ ਪੜ੍ਹਾਉਣ ਵਾਲੇ ਅਧਿਆਪਕਾਂ 'ਤੇ ਪਵੇਗਾ।ਇਸ ਸਮੇਂ ਯੂਨਿਟ ਪ੍ਰਧਾਨ ਬਲਵੀਨ ਕੌਰ ਨੇ ਕਿਹਾ ਕਿ ਜੇਕਰ ਸਰਕਾਰ ਉੱਚੇਰੀ ਸਿੱਖਿਆ ਪ੍ਰਤੀ ਆਪਣੇ ਮਾੜੇ ਰਵੱਈਏ ਨੂੰ ਖ਼ਤਮ ਨਹੀਂ ਕਰੇਗੀ ਤਾਂ ਸਰਕਾਰ ਨੂੰ ਇਸ ਦੇ ਮਾੜੇ ਨਤੀਜੇ ਭੁਗਤਣੇ ਪੈਣਗੇ।ਇਸ ਸਮੇਂ ਡਾ. ਮੀਨਾਕਸ਼ੀ ਮਿੱਤਲ (ਜਰਨਲ ਸੈਕਟਰੀ ਯੂਨਿਟ) ਨੇ ਕਿਹਾ ਕਿ 3 ਜੂਨ 2023 ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕਰਨ ਲਈ ਰੂਪ-ਰੇਖਾ ਉਲੀਕੀ ਜਾਵੇਗੀ।ਇਸ ਸਮੇਂ ਉਨ੍ਹਾਂ ਨਾਲ ਡਾ. ਅਨੁਪਮਾ ਵੀ ਮੌਜੂਦ ਸਨ।

ਕਾਵਿ ਸੰਗ੍ਰਹਿ 'ਸਾਂਝੇ ਸੁਰ' ਕੀਤਾ ਜਾਵੇਗਾ ਲੋਕ ਅਰਪਣ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) -ਜ਼ਿਲ੍ਹਾ ਲਿਖਾਰੀ ਸਭਾ ਦੀ ਮੀਟਿੰਗ ਸਭਾ ਦੀ ਪ੍ਰਧਾਨ ਬੀਬੀ ਪਰਮਜੀਤ ਕੌਰ ਸਰਹਿੰਦ ਤੇ ਸਰਗਰਮ ਮੈਂਬਰ ਮੈਨੇਜਰ ਊਧਮ ਸਿੰਘ ਦੇ ਗ੍ਰਹਿ ਵਿਖੇ ਹੋਈ। ਇਸ ਮੌਕੇ ਪ੍ਰਧਾਨ ਬੀਬੀ ਸਰਹਿੰਦ ਨੇ ਦੱਸਿਆ ਕਿ ਸਭਾ ਲਈ ਨਵਾਂ ਸਾਊਂਡ ਸਿਸਟਮ ਖਰੀਦਣ ਲਈ ਅਹੁਦੇਦਾਰਾਂ ਅਤੇ ਮੈਂਬਰਾਂ ਤੋਂ ਪ੍ਰਵਾਨਗੀ ਲਈ ਮੀਟਿੰਗ ਰੱਖੀ ਗਈ ਸੀ, ਜਿਸ ਉਪਰੰਤ ਸਾਊਂਡ ਸਿਸਟਮ ਖਰੀਦ ਲਿਆ ਗਿਆ ਹੈ। ਬੀਬੀ ਸਰਹਿੰਦ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਸੰਪਾਦਤ ਕੀਤਾ ਸਭਾ ਦੇ ਮੈਂਬਰਾਂ ਦਾ ਕਾਵਿ ਸੰਗ੍ਰਹਿ 'ਸਾਂਝੇ ਸੁਰ' 10 ਜੂਨ ਨੂੰ ਸਭਾ ਦੀ ਮਾਸਿਕ ਇਕੱਤਰਤਾ ਦੌਰਾਨ ਲੋਕ ਅਰਪਣ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾਂ ਤੋਂ ਇਲਾਵਾ ਸਾਬਕਾ ਮੈਨੇਜਰ ਊਧਮ ਸਿੰਘ, ਸੀਨੀਅਰ ਮੀਤ ਪ੍ਰਧਾਨ ਸਾਧੂ ਸਿੰਘ ਪਨਾਗ, ਬਲਤੇਜ ਸਿੰਘ ਬਠਿੰਡਾ, ਅਮਰਬੀਰ ਸਿੰਘ ਚੀਮਾ, ਪ੍ਰਿੰਸੀਪਲ ਸੁਖਵਿੰਦਰ ਸਿੰਘ ਢਿੱਲੋਂ, ਹਰਜਿੰਦਰ ਸਿੰਘ ਗੋਪਾਲੋਂ, ਮਨਜੀਤ ਸਿੰਘ ਘੁੰਮਣ, ਡਾ. ਜਸਵੀਰ ਕੌਰ ਭੱਲਮਾਜਰਾ ਤੋਂ ਇਲਾਵਾ ਦੇਵ ਮਲਿਕ ਤੇ ਜਸ਼ਨਪ੍ਰੀਤ ਕੌਰ ਵੀ ਹਾਜ਼ਰ ਸਨ।

ਸਾਈਕਲ ਚਲਾਉਣਾ ਸਿਹਤ ਲਈ ਸਭ ਤੋਂ ਵੱਧ ਲਾਭਦਾਇਕ : ਐੱਸ ਪੀ ਕੁਲਵੰਤ ਰਾਏ

ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ) 'ਸਾਇਕਲ ਚਲਾਉਣਾ ਮਨੁੱਖੀ ਸਿਹਤ ਲਈ ਸਭ ਤੋਂ ਵੱਧ ਲਾਭਦਾਇਕ ਹੈ। ਇਸ ਨਾਲ ਸਰੀਰ ਦੇ ਸਾਰੇ ਅੰਗਾਂ ਦੀ ਕਸਰਤ ਹੁੰਦੀ ਹੈ ਤੇ ਸਾਨੂੰ ਨਵੀਂ ਊਰਜਾ ਮਿਲਦੀ ਹੈ।' ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬਠਿੰਡਾ ਰੋਡ ਬਾਈਪਾਸ ਚੌਕ ਤੋਂ ਸਾਇਕਲ ਰੈਲੀ ਨੂੰ ਝੰਡੀ ਦੇ ਕੇ ਰਵਾਨਾ ਕਰਨ ਸਮੇਂ ਜ਼ਿਲ੍ਹੇ ਦੇ ਐਸ.ਪੀ. (ਐੱਚ) ਕੁਲਵੰਤ ਰਾਏ ਪੀ.ਪੀ.ਐਸ. ਨੇ ਕੀਤਾ।

ਉਨ੍ਹਾਂ ਅੱਗੇ ਕਿਹਾ ਕਿ ਹਰ ਮਨੁੱਖ ਨੂੰ ਹਰ ਰੋਜ਼ ਘੱਟੋ ਘੱਟ ਅੱਧਾ ਘੰਟਾ ਸਾਇਕਲ ਜ਼ਰੂਰ ਚਲਾਉਣਾ ਚਾਹੀਦਾ ਹੈ। ਰੈਲੀ ਦੀ ਅਗਵਾਈ ਮੁਕਤੀਸਰ ਸਾਇਕਲ ਰਾਈਡਰਜ਼ ਕਲੱਬ ਦੇ ਆਗੂ ਅਤੇ ਸੇਵਾਮੁਕਤ ਪੁਲਸ ਇੰਸਪੈਕਟਰ ਜਗਸੀਰ ਸਿੰਘ ਨੇ ਕੀਤੀ। ਜ਼ਿਲ੍ਹਾ ਪੁਲਸ ਦੇ ਸਹਿਯੋਗ ਨਾਲ ਆਯੋਜਤ ਕੀਤੀ ਗਈ। ਇਸ ਰੈਲੀ ਵਿੱਚ ਕਲੱਬ ਦੇ ਮੈਂਬਰਾਂ ਤੋਂ ਇਲਾਵਾ ਸ਼ਹਿਰ ਦੀ ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ, ਚੇਅਰਮੈਨ ਇੰਜ. ਅਸ਼ੋਕ ਕੁਮਾਰ ਭਾਰਤੀ, ਮੁੱਖ ਸਲਾਹਕਾਰ ਜਗਦੀਸ਼ ਚੰਦਰ, ਸੀਨੀਅਰ ਮੀਤ ਪ੍ਰਧਾਨ ਨਿਰੰਜਣ ਸਿੰਘ ਰੱਖਰਾ, ਸੀਨੀਅਰ ਆਗੂ ਪ੍ਰਸ਼ੋਤਮ ਗਿਰਧਰ ਆਰ.ਏ. ਤੇ ਨਰਿੰਦਰ ਕਾਕਾ ਫੋਟੋਗ੍ਰਾਫ਼ਰ ਵੀ ਉਚੇਚ ਤੌਰ 'ਤੇ ਰੈਲੀ ਵਿੱਚ ਸ਼ਾਮਲ ਹੋਏ। ਜ਼ਿਲ੍ਹਾ ਪੁਲਸ ਦੀ ਅਵੇਅਰਨੈੱਸ ਟੀਮ ਦੇ ਇੰਚਾਰਜ ਹਰਿੰਦਰ ਸਿੰਘ, ਏ.ਐੱਸ.ਆਈ. ਅਤੇ ਜ਼ਿਲ੍ਹਾ ਟ੍ਰੈਫ਼ਿਕ ਐਜੂਕੇਸ਼ਨ ਸਕੂਲ ਦੇ ਇੰਚਾਰਜ ਗੁਰਜੰਟ ਸਿੰਘ ਜਟਾਣਾ ਏ.ਐੱਸ.ਆਈ. ਨੇ ਵੀ ਸ਼ਿਰਕਤ ਕੀਤੀ। ਅੰਤਰਰਾਸ਼ਟਰੀ ਬਾਈ ਸਾਇਕਲ ਦਿਵਸ ਨੂੰ ਸਮਰਪਤ ਤੇ ਆਮ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗ੍ਰਿਤ ਕਰਨ ਤੇ ਚੰਗੀ ਸਿਹਤ ਨੂੰ ਬਰਕਰਾਰ ਰੱਖਣ ਦੇ ਮਕਸਦ ਨਾਲ ਕੱਢੀ ਗਈ। ਇਸ ਸਾਇਕਲ ਰੈਲੀ ਵਿਚ ਜਸ਼ਨਪ੍ਰੀਤ ਸਿੰਘ, ਮਨ

3-Jun-PAGE- 3 qxd.qxd 6/2/2023 10:34 PM Page 1

ਬ੍ਰਿਜ ਭੂਸ਼ਣ ਦੀ ਗ੍ਰਿਫ਼ਤਾਰੀ ਦੀ ਮੰਗ ਨੂੰ ਲੈ ਕੇ ਪੁਤਲਾ ਫੂਕਿਆ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਤਹਿਸੀਲ ਕੰਪਲੈਕਸ ਭਿੱਖੀਵਿੰਡ ਵਿਖੇ ਸੰਯੁਕਤ ਮੋਰਚੇ 'ਚ ਸ਼ਾਮਲ ਜਥੇਬੰਦੀਆਂ ਜਮਹੂਰੀ ਕਿਸਾਨ ਸਭਾ, ਕੌਮੀ ਕਿਸਾਨ ਯੂਨੀਅਨ, ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਤੇ ਮਹਿਲਾ ਮੁਕਤੀ ਮੋਰਚੇ ਵਿੱਚ ਸ਼ਾਮਲ ਔਰਤਾਂ ਤੇ ਜਥੇਬੰਦੀ ਆਗੂਆਂ ਵੱਲੋਂ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਦਾ ਪੁਤਲਾ ਫੂਕਿਆ ਅਤੇ ਪੁਲਸ ਪ੍ਰਸ਼ਾਸਨ ਵੱਲੋਂ ਉਸਨੂੰ ਫੌਰਨ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਗਈ। ਇਸ ਮੌਕੇ ਆਗੂ ਅਰਸਾਲ ਸਿੰਘ ਸੰਧੂ, ਦਲਜੀਤ ਸਿੰਘ ਦਿਆਲਪੁਰਾ, ਕੁਲਦੀਪ ਸਿੰਘ ਅਤੇ ਕੇਵਲ ਸਿੰਘ ਕੰਬੋਕੇ ਨੇ ਸੰਬੋਧਨ ਕਰਦਿਆਂ ਆਖਿਆ ਕਿ ਲਗਭਗ ਇਕ ਮਹੀਨੇ ਤੋਂ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਵੱਲੋਂ ਅੰਤਰਰਾਸ਼ਟਰੀ ਪੱਧਰ ਦੀਆਂ ਮੈਡਲ ਜੇਤੂ ਖਿਡਾਰਨਾਂ ਦੇ ਕੀਤੇ ਗਏ ਜਿਸਮਾਨੀ ਸ਼ੋਸ਼ਣ ਵਿਰੁੱਧ ਜੰਤਰ ਮੰਤਰ 'ਤੇ ਮੋਰਚਾ ਲਾ ਕੇ ਬੈਠੀਆਂ ਖਿਡਾਰਨਾਂ ਆਪਣੀ ਮੰਗ ਮਨਵਾਉਣ ਲਈ ਪਾਰਲੀਮੈਂਟ ਦੀ ਨਵੀਂ ਬਿਲਡਿੰਗ ਵੱਲ ਮਾਰਚ ਕਰਨ ਵੇਲੇ ਮੋਦੀ ਸਰਕਾਰ ਵੱਲੋਂ ਅੰਨ੍ਹਾ ਜਬਰ ਢਾਹਿਆ ਗਿਆ ਅਤੇ ਉਨ੍ਹਾਂ ਦੇ ਧਰਨੇ ਵਾਲੀ ਜਗ੍ਹਾ 'ਤੇ ਲੱਗੇ ਟੈਂਟ ਵੀ ਕੇਂਦਰ ਦੀ ਸਰਕਾਰ ਨੇ ਉਖਾੜ ਕੇ ਜਬਰ ਦਾ ਨਵਾਂ ਕੀਰਤੀਮਾਨ ਸਥਾਪਿਤ ਕਰ ਦਿੱਤਾ ਹੈ ਜਿਸਦੀ ਆਗੂਆਂ ਨੇ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ ਅਤੇ ਖਿਡਾਰਨਾਂ ਅਤੇ ਇਤਹਾਸ ਵਿੱਚ ਯਾਦ ਰੱਖਣ ਵਾਲੇ ਸੰਘਰਸ਼ ਨੂੰ ਜਿੱਤ ਵਿੱਚ ਬਦਲਣ ਲਈ ਹਰ ਤਰ੍ਹਾਂ ਦੀ ਮਦਦ ਦਾ ਐਲਾਨ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਦੇਵ ਸਿੰਘ ਫੌਜੀ, ਤਰਸੇਮ ਕੌਰ, ਕੁਲਦੀਪ ਕੌਰ ਦਿਆਲਪੁਰਾ, ਦਵਿੰਦਰ ਕੌਰ ਕੰਬੋਕੇ, ਗੁਰਜੀਤ ਕੌਰ, ਸੁਰਜੀਤ ਕੌਰ ਅਤੇ ਨਿਰਮਲ ਕੌਰ ਮੌਜੂਦ ਸਨ। ਪੁਤਲਾ ਫੂਕਣ ਤੋਂ ਬਾਅਦ ਪਰਮਿੰਦਰ ਕੌਰ ਦਿਆਲਪੁਰਾ ਵਲੋਂ ਐਕਸ਼ਨ 'ਚ ਸ਼ਾਮਲ ਸਾਰੇ ਭੈਣਾਂ-ਭਰਾਵਾਂ ਦਾ ਧੰਨਵਾਦ ਕੀਤਾ ਗਿਆ।

ਝੋਨੇ ਦੀ ਸਿੱਧੀ ਬਿਜਾਈ ਨਾਲ ਹੋਵੇਗੀ ਪਾਣੀ ਦੀ ਬੱਚਤ : ਮੁੱਖ ਖੇਤੀਬਾੜੀ ਅਫਸਰ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਪੰਜਾਬ ਸਰਕਾਰ ਦੇ ਝੋਨੇ ਸਿੱਧੀ ਬਿਜਾਈ ਨੂੰ ਉਤਸ਼ਾਹਤ ਕਰਨ ਲਈ ਕੀਤੇ ਉਪਰਾਲੇ ਤਹਿਤ ਬਲਾਕ ਖੇਤੀਬਾੜੀ ਅਫਸਰ ਡਾ. ਗੁਰਮੀਤ ਸਿੰਘ ਰਿਆੜ ਦੀ ਯੋਗ ਅਗਵਾਈ ਹੇਠ ਪਿੰਡ ਸੰਗਰਾਏ ਵਿਖੇ ਕਿਸਾਨ ਕੈਂਪ ਲਗਾਇਆ ਗਿਆ। ਇਸ ਕੈਂਪ ਵਿਚ ਮੁੱਖ ਖੇਤੀਬਾੜੀ ਅਫਸਰ ਅੰਮ੍ਰਿਤਸਰ ਡਾ. ਜਤਿੰਦਰ ਸਿੰਘ ਗਿੱਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾ ਕਿਹਾ ਕਿ ਝੋਨੇ ਦੀ ਸਿੱਧੀ ਬਿਜਾਈ ਨੂੰ ਸਰਕਾਰ ਵੱਲੋਂ ਉਤਸ਼ਾਹਤ ਕਰਨ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ ਤਾਂ ਜੋ ਭਵਿੱਖ ਦਾ ਸਭ ਤੋਂ ਅਹਿਮ ਜ਼ਰੂਰਤ ਪਾਣੀ ਨੂੰ ਬਚਾ ਸਕੀਏ। ਉਨ੍ਹਾ ਕਿਹਾ ਕਿ ਸਰਕਾਰ ਵੱਲੋਂ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਪ੍ਰੋਤਸਾਹਨ ਰਾਸ਼ੀ ਦਿੱਤੀ ਜਾਵੇਗੀ। ਇਸ ਮੰਤਵ ਲਈ ਸਮੂਹ ਕਿਸਾਨ ਵੀਰ ਪੋਰਟਲ ਤੇ ਆਪਣੀ ਰਜਿਸਟਰੇਸ਼ਨ ਯਕੀਨੀ ਬਣਾਉਣ। ਇਸ ਤੋਂ ਇਲਾਵਾ ਸਰਕਾਰ ਵੱਲੋਂ ਬਾਸਮਤੀ ਦੀ ਕਾਸ਼ਤ ਥੱਲੇ ਰਕਬਾ ਵਧਾਉਣ ਦਾ ਵੀ ਟੀਚਾ ਮਿੱਥਿਆ ਗਿਆ ਹੈ ਅਤੇ ਇਸ ਮੰਤਵ ਲਈ ਪਿੰਡੋ ਪਿੰਡ ਕਿਸਾਨ ਮਿੱਤਰ ਤਾਇਨਾਤ ਕੀਤੇ ਗਏ ਹਨ। ਡਾ. ਅਮਰਜੀਤ ਸਿੰਘ ਬੱਲ ਨੇ ਝੋਨੇ ਦੀ ਸਿੱਧੀ ਬਿਜਾਈ ਲਈ ਜ਼ਰੂਰੀ ਨੁਕਤੇ ਅਤੇ ਕੀੜੇ ਮਕੌੜਿਆਂ ਦੀ ਰੋਕਥਾਮ ਅਤੇ ਕੀਟਨਾਸ਼ਕਾਂ ਦੀ ਅੰਧਾਧੁੰਦ ਵਰਤੋਂ ਤੋਂ ਗੁਰੇਜ਼ ਕਰਨ ਲਈ ਜਾਣਕਾਰੀ ਦਿੱਤੀ। ਡਾ. ਰਮਿੰਦਰ ਕੌਰ ਪ੍ਰੋਫੈਸਰ ਫਸਲ ਵਿਗਿਆਨ ਕੇ.ਵੀ.ਕੇ ਨੇ ਝੋਨੇ ਦੀ ਸਿੱਧੀ ਬਿਜਾਈ ਅਤੇ ਇਸ ਦੀ ਬਿਜਾਈ ਵਿਚ ਨਦੀਨਾਂ ਦੀ ਰੋਕਥਾਮ ਬਾਰੇ ਜਾਣਕਾਰੀ ਸਾਂਝੀ ਕੀਤੀ। ਡਾ. ਕੰਵਰਪਾਲ ਸਿੰਘ ਕੇ.ਵੀ ਕੇ ਅੰਮ੍ਰਿਤਸਰ ਨੇ ਪਸ਼ੂ ਪਾਲਣ ਅਤੇ ਉਨ੍ਹਾਂ ਦੀਆਂ ਬਿਮਾਰੀਆਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ, ਡਾ. ਸੁਖਚੈਨ ਸਿੰਘ ਬਾਸਮਤੀ ਵਿਚ ਬੈਨ ਕੀਟਨਾਸ਼ਕਾ, ਡਾ. ਸਤਵਿੰਦਰ ਸਿੰਘ ਸੰਧੂ ਨੇ ਗੰਨੇ ਦੀ ਫਸਲ ਬਾਰੇ ਤੇ ਡਾ. ਹਰਉਪਿੰਦਰਜੀਤ ਸਿੰਘ ਏ ਡੀ ਓ ਤਰਸਿੱਕਾ ਨੇ ਝੋਨੇ ਦੀਆ ਨਵੀਆ ਕਿਸਮਾਂ ਅਤੇ ਮਿੱਟੀ ਪਰਖ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਡਾ. ਸਤਵਿੰਦਰਬੀਰ ਸਿੰਘ ਏ.ਡੀ ਓ ਨੇ ਪਾਣੀ ਦੇ ਨੀਵੇਂਸ਼ਾਰਹੇ ਪੱਧਰ ਤੇ ਚਿੰਤਾ ਪ੍ਰਗਟ ਕੀਤੀ ਅਤੇ ਸਟੇਜ਼ ਸਕੱਤਰ ਦੀ ਭੂਮਿਕਾ ਨਿਭਾਈ ਅੰਤ ਵਿਚ ਬਲਾਕ ਖੇਤੀਬਾੜੀ ਅਫਸਰ ਤਰਸਿੱਕਾ ਡਾ. ਗੁਰਮੀਤ ਸਿੰਘ ਘਰਿਆਂੜ ਨੇ ਆਏ ਕਿਸਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਖੇਤੀਬਾੜੀ ਵਿਭਾਗ ਵੱਲੋਂ ਡਾ.ਰਸ਼ਪਾਲ ਸਿੰਘ, ਜਗਤਾਰ ਸਿੰਘ ਏ.ਈ ਓ, ਹਜ਼ੂਰ ਸਿੰਘ ਏ.ਈ ਓ, ਗੁਰਪ੍ਰੀਤ ਕੌਰ ਏਈ ਓ ,ਬ੍ਰੀ ਟੀ ਐਮ ਬਲਜਿੰਦਰ ਸਿੰਘ, ਏ ਟੀ ਐਮ ਜਸਬੀਰ ਸਿੰਘ, ਕਿਸਾਨ ਸੁਪਰਵਾਈਜ਼ਰ ਗੁਰਦੀਪ ਸਿੰਘ, ਹਰਮਨ ਸਿੰਘ, ਗੁਰਸੇਵਕ ਅਤੇ ਕਿਸਾਨ ਕੁਲਵੰਤ ਸਿੰਘ ਸੰਗਰਾਏ, ਗੁਰਦਿਆਲ ਸਿੰਘ ਸ਼ਾਹਪੁਰ, ਸੁਖਜਿੰਦਰ ਸਿੰਘ ਸੰਗਰਾਏ,ਕੁਲਦੀਪ ਸਿੰਘ ਕੋਟਲਾ, ਲਾਡੀ ਆਦਿ ਹਾਜ਼ਰ ਸਨ।

'ਆਪ' ਸਰਕਾਰ ਪੰਜਾਬ ਦਾ ਪਾਣੀ ਰਾਜਸਥਾਨ ਨੂੰ ਦੇਣ ਦੀ ਤਿਆਰੀ 'ਚ : ਮਜੀਠੀਆ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)—ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਦਾ ਪਾਣੀ ਰਾਜਸਥਾਨ ਨੂੰ ਦੇਣਗੇ। ਇੱਕ ਪਾਸੇ ਪੰਜਾਬ ਦਾਨੀ ਹੋਣ ਦਾ ਦਿਖਾਵਾ ਕਰਦਾ ਹੈ ਅਤੇ ਪੰਜਾਬ ਦੇ ਪਾਣੀ ਦੀ ਇੱਕ ਬੂੰਦ ਵੀ ਬਾਹਰ ਨਾ ਜਾਣ ਦੀ ਗੱਲ ਕਰਦਾ ਹੈ ਪਰ ਅਸਲ ਵਿੱਚ ਅਸਲੀਅਤ ਕੁਝ ਹੋਰ ਹੈ। ਪੰਜਾਬ ਤੋਂ ਕੇਜਰੀਵਾਲ ਦੇ ਸਾਂਸਦ ਗੁਪਤਾ ਉਥੇ ਹਰਿਆਣਾ ਦੇ ਹਰ ਪਿੰਡ ਨੂੰ ਪਾਣੀ ਦੇਣ ਬਾਰੇ ਬਿਆਨ ਦੇ ਰਹੇ ਸਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਮਜੀਠਾ ਦੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਪੱਤਰਕਾਰਾਂ ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਕੀਤਾ। ਇਸ ਮੌਕੇ ਮਜੀਠੀਆ ਦੇ ਨਾਲ ਉਨ੍ਹਾਂ ਦੀ ਪਤਨੀ ਗਨੀਵ ਕੌਰ ਮਜੀਠੀਆ ਜੋ ਕਿ ਮਜੀਠਾ ਹਲਕੇ ਤੋਂ ਮੌਜੂਦਾ ਵਿਧਾਇਕ ਹਨ, ਵੀ ਮੌਜੂਦ ਸਨ। ਉਨ੍ਹਾਂ ਅੱਗੇ ਦੱਸਿਆ ਕਿ ਭਰੋਸੇਯੋਗ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਭਗਵੰਤ ਮਾਨ ਦੀ ਸਰਕਾਰ ਪੰਜਾਬ ਦਾ ਪਾਣੀ ਰਾਜਸਥਾਨ ਨੂੰ ਦੇਣ ਦੀ ਤਿਆਰੀ ਕਰ ਰਹੀ ਹੈ। ਇਸ ਨੂੰ ਬਿਲਕੁਲ ਬਰਦਾਸਤ ਨਹੀਂ ਕੀਤਾ ਜਾਵੇਗਾ ਅਤੇ ਅਕਾਲੀ ਦਲ ਇਸ ਦਾ ਸਖਤ ਵਿਰੋਧ ਕਰੇਗਾ। ਮਜੀਠਾ ਹਲਕੇ ਦੇ ਵਿਕਾਸ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਮਜੀਠਾ ਹਲਕੇ ਦਾ ਵਿਕਾਸ ਬਿਲਕੁਲ ਠੱਪ ਹੈ, ਆਪ ਸਰਕਾਰ ਕੇਂਦਰ 'ਤੇ ਟੇਕ ਟਿਕਾ ਕੇ ਹਲਕਾ ਮਜੀਠਾ ਨੂੰ ਵਿਕਾਸ ਤੋਂ ਵਾਂਝਾ ਰੱਖ ਰਹੀ ਹੈ। ਇਸ ਮੌਕੇ ਜੋਧ ਸਿੰਘ ਸਮਰਾ, ਰਣਜੀਤ ਸਿੰਘ ਤਲਵੰਡੀ, ਰਾਕੇਸ਼ ਪਰਾਸ਼ਰ, ਗਗਨਦੀਪ ਸਿੰਘ ਭਕਨਾ, ਸੁਖਵਿੰਦਰ ਸਿੰਘ ਗੋਲਡੀ ਆਦਿ ਆਗੂ ਹਾਜ਼ਰ ਸਨ।

ਅਣਪਛਾਤੇ ਲੁਟੇਰੇ ਟਰੈਕਟਰ ਖੋਹ ਕੇ ਫ਼ਰਾਰ

ਗੁਰਦਾਸਪੁਰ, (ਜਨਕ ਮਹਾਜਨ)-ਥਾਣਾ ਕਲਾਨੌਰ ਪੁਲਿਸ ਵਲੋਂ 4 ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਟਰੈਕਟਰ ਚੋਰੀ ਕਰਨ ਸਬੰਧੀ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਮੋਹਿਤ ਕੁਮਾਰ ਪੁੱਤਰ ਸਰਬਜੀਤ ਵਾਸੀ ਨਬੀਪੁਰ ਨੇ ਦੱਸਿਆ ਕਿ ਉਹ ਕਰੀਬ 3 ਸਾਲਾਂ ਤੋਂ ਹਰਪਾਲ ਸਿੰਘ ਵਾਸੀ ਨਬੀਪੁਰ ਕੋਲ ਟਰੈਕਟਰ ਡਰਾਇਵਰੀ ਦਾ ਕੰਮ ਕਰਦਾ ਹੈ। ਉਸ ਨੇ ਦੱਸਿਆ ਬੀਤੇ ਦਿਨੀਂ ਮੈਂ ਟਰੈਕਟਰ ਨੰਬਰ ਪੀ.ਬੀ. 06 ਬੀ.ਬੀ. 8304 ਮਾਰਕਾ ਸੋਨਾਲੀਕਾ 'ਤੇ ਸਵਾਰ ਹੋ ਕੇ ਕਲਾਨੌਰ ਵਿਖੇ ਟਰੈਕਟਰ ਦੀ ਛੱਤਰੀ ਅਤੇ ਡੈਂਟ ਲਗਾਉਣ ਲਈ ਜਾ ਰਿਹਾ ਸੀ ਕਿ ਜਦੋਂ ਉਹ ਰਾਧਾ ਸੁਆਮੀ ਸਤਿਸੰਗ ਘਰ ਕਲਾਨੌਰ ਨੇੜੇ ਪੁੱਜਾ ਤਾਂ ਇੱਕ ਬਰੋਨ ਰੰਗ ਦੀ ਕਾਰ ਜਿਸ ਨੜਦੀਕ ਇੱਕ ਵਿਅਕਤੀ ਖੜਾ ਸੀ ਜੋ ਆਪਣੀ ਗੱਡੀ ਖ਼ਰਾਬ ਹੋਣ ਬਾਰੇ ਦੱਸ ਕੇ ਮੇਰੇ ਨਾਲ ਕਲਾਨੌਰ ਜਾਣ ਲਈ ਟਰੈਕਟਰ 'ਤੇ ਬੈਠ ਗਿਆ। ਜਦ ਉਹ ਸ਼ੈਲਰ ਕਲਾਨੌਰ ਨੇੜੇ ਪੁੱਜੇ ਤਾਂ ਉਕਤ ਵਿਅਕਤੀ ਨੇ ਟਰੈਕਟਰ ਬੰਦ ਕਰ ਦਿੱਤਾ ਤੇ ਹੱਥੋਪਾਈ ਹੋ ਪਿਆ। ਏਨੇ ਨੂੰ ਨਾਮਲੂਮ ਵਿਅਕਤੀ ਦੇ ਤਿੰਨ ਹੋਰ ਸਾਥੀ ਵੀ ਗੱਡੀ 'ਤੇ ਆ ਗਏ ਜਿਨ੍ਹਾਂ ਨੇ ਮੇਰੀਆਂ ਅੱਖਾ ਬੰਨ੍ਹ ਕੇ ਮੈਨੂੰ ਗੱਡੀ ਵਿੱਚ ਸੁੱਟ ਲਿਆ ਅਤੇ ਟਰੈਕਟਰ ਲੈ ਗਏ। ਇਹ ਅਣਪਛਾਤੇ ਵਿਅਕਤੀ ਪਿੰਡ ਛੀਨਾ ਰੇਲ ਵਾਲ ਵਿਖੇ ਮੈਨੂੰ ਸੁੱਟ ਕੇ ਫ਼ਰਾਰ ਹੋ ਗਏ। ਪੁਲਸ ਨੇ ਪੀੜਤ ਦੇ ਬਿਆਨਾਂ 'ਤੇ ਕਾਰਵਾਈ ਕਰਦਿਆਂ 4 ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਧਾਰਾ 378 ਬੀ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

ਲੋਹੇ ਦੀ ਦੁਕਾਨ 'ਚੋਂ 11 ਲੱਖ ਰੁਪਏ ਚੋਰੀ, ਮਾਮਲਾ ਦਰਜ

ਗੁਰਦਾਸਪੁਰ,(ਜਨਕ ਮਹਾਜਨ)-ਥਾਣਾ ਸਿਟੀ ਗੁਰਦਾਸਪੁਰ ਪੁਲਿਸ ਨੇ ਚੋਰੀ ਕਰਨ 'ਤੇ ਨਾਮਲੂਮ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਅਸ਼ਵਨੀ ਕੁਮਾਰ ਪੁੱਤਰ ਪ੍ਰੇਮ ਕੁਮਾਰ ਵਾਸੀ ਇੰਪਰੂਵਮੈਂਟ ਟਰੱਸਟ ਕਲੋਨੀ ਸਕੀਮ ਨੰ. 1 ਗੁਰਦਾਸਪੁਰ ਨੇ ਦੱਸਿਆ ਕਿ ਉਹ ਸੀਤਾ ਰਾਮ ਪੈਟਰੋਲ ਪੰਪ ਨੇੜੇ ਮਾਈ ਦਾ ਤਲਾਬ ਮੰਦਰ ਗੁਰਦਾਸਪੁਰ ਵਿਖੇ ਲੋਹੇ ਦੇ ਸਰੀਏ ਦੀ ਦੁਕਾਨ ਕਰਦਾ ਹੈ। ਬੀਤੀ 31 ਮਈ ਨੂੰ ਰੋਜ਼ਾਨਾ ਦੀ ਤਰ੍ਹਾਂ ਉਹ ਆਪਣੀ ਦੁਕਾਨ ਬੰਦ ਕਰਕੇ ਘਰ ਨੂੰ ਚਲਾ ਗਿਆ ਸੀ ਕਿ 1 ਜੂਨ ਨੂੰ ਜਦੋਂ ਸਵੇਰੇ ਦੁਕਾਨ 'ਤੇ ਆਇਆ ਤਾਂ ਦੇਖਿਆ ਕਿ ਸ਼ਟਰ ਦੇ ਤਾਲੇ ਟੁੱਟੇ ਪਏ ਸੀ। ਜਦੋਂ ਸ਼ਟਰ ਖੋਲ ਕੇ ਅੰਦਰ ਜਾ ਕੇ ਦੇਖਿਆ ਤਾਂ ਕਾਊਂਟਰ ਦੇ ਗੱਲੇ ਵਿਚੋਂ 11 ਲੱਖ ਰੁਪਏ ਗਾਇਬ ਸਨ, ਜਿਸ ਨੂੰ ਕੋਈ ਅਣਪਛਾਤੇ ਵਿਅਕਤੀ ਚੋਰੀ ਕਰਕੇ ਲੈ ਗਿਆ। ਪੁਲਸ ਨੇ ਪੀੜਤ ਦੇ ਬਿਆਨਾਂ 'ਤੇ ਕਾਰਵਾਈ ਕਰਦਿਆਂ ਨਾ-ਮਲੂਮ ਵਿਅਕਤੀਆਂ ਖ਼ਿਲਾਫ਼ ਧਾਰਾ 457, 380 ਤਹਿਤ ਮਾਮਲਾ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

ਮੋਟਰ ਇੰਡੀਆ ਨੇ ਹੈਪੀਨੈੱਸ ਟਰੱਕ 4.0 ਦੀ ਸ਼੍ਰੀਨਗਰ ਤੋਂ ਕੀਤੀ ਸ਼ੁਰੂਆਤ

ਜਲੰਧਰ : ਵਿਲੱਖਣ 'ਹੈਪੀਨੈੱਸ ਟਰੱਕ 4.0' ਜਿਸਨੂੰ ਐੱਨਬੀਸੀ ਬਿਅਰਿੰਗ-ਸੀ. ਕੇ. ਬਿੜਾਲ ਗਰੁੱਪ ਦੁਆਰਾ ਪ੍ਰਸਤੁਤ ਕੀਤਾ ਗਿਆ ਹੈ, ਵੈਲਵੋਲਿਨ ਕਮਿਨਜ਼ ਦੁਆਰਾ ਪਾਵਰਡ ਹੈ ਅਤੇ ਮੋਟਰ ਇੰਡੀਆ ਦੁਆਰਾ ਆਯੋਜਿਤ ਹੈ, ਇਸਦੀ ਖੁਸ਼ੀ ਦੇ ਨਾਲ ਕਸ਼ਮੀਰ ਤੋਂ ਸ਼ੁਰੂਆਤ ਕੀਤੀ ਗਈ ਸੀ ਅਤੇ ਲੋਕਾਂ ਨੇ ਬਹੁਤ ਉਤਸੁਕਤਾ ਅਤੇ ਖੁਸ਼ੀ ਨਾਲ ਜਸ਼ਨ ਮਨਾਇਆ। ਹੈਪੀਨੈੱਸ ਟਰੱਕ 4.0 ਮੁਹਿੰਮ ਉਦਯੋਗ ਦੇ ਵਿੱਚ ਉੱਤਮ ਬਰਾਂਡ ਦਾ ਸੰਯੋਜਨ ਹੈ ਜਿਸ ਦੇ ਵਿੱਚ ਐੱਨਬੀਸੀ ਬਿਅਰਿੰਗ ਸ਼ਾਮਲ ਹੈ। ਟਰਾਂਸਪੋਰਟ ਨਗਰ ਵੈੱਲਫੇਅਰ ਐਸੋਸੀਏਸ਼ਨ, ਜੰਮੂ ਵਿਖੇ ਪ੍ਰੈਜ਼ੀਡੈਂਟ ਮੁਹੰਮਦ ਅਸ਼ਰਫ ਅਤੇ ਸਕੱਤਰ ਗਿਰੀਸ਼ ਚੰਦਰ ਦੀ ਮਾਣਯੋਗ ਮੌਜੂਦਗੀ ਵਿੱਚ ਈਵੈਂਟ ਸਾਡੀ ਟੀਮ ਦੇ ਲਈ ਇੱਕ ਵਧੀਆ ਮੌਕਾ ਸੀ। ਜਲੰਧਰ ਵੱਲ ਅੱਗੇ ਵਧਦੇ ਹੋਏ ਆਪਣੀ ਉੱਚ ਗੁਣਵੱਤਾ ਵਾਲੇ ਰਬੜ ਦੇ ਉਤਪਾਦਾਂ ਦੇ ਨਿਰਮਾਣ ਅਤੇ ਉੱਤਮ ਟ੍ਰਕਿੰਗ ਗਤੀਵਿਧੀਆਂ ਦੇ ਲਈ ਪ੍ਰਸਿੱਧ ਹੈਪੀਨੈੱਸ ਟਰੱਕ 4.0 ਦੀ ਸਫਲਤਾ ਦੇ ਵਿੱਚ ਮੁੱਖ ਅਤੇ ਪ੍ਰਸਿੱਧ ਲੋਕਾਂ ਨੇ ਭਾਗ ਲਿਆ, ਜਿਸ ਦੇ ਵਿੱਚ ਸ਼ਹਿਰ ਦੇ ਟਰੱਕ ਐਸੋਸੀਏਸ਼ਨ ਦੇ ਪ੍ਰੈਜ਼ੀਡੈਂਟ ਜਗਜੀਤ ਕੰਬੋਜ ਅਤੇ ਸਕੱਤਰ ਰਜਿੰਦਰ ਸ਼ਰਮਾ ਸ਼ਾਮਿਲ ਸੀ।

ਨਹਿਰੀ ਖਾਲਾਂ ਨੂੰ ਨਾਜਾਇਜ਼ ਕਬਜ਼ਿਆਂ ਤੋਂ ਮੁਕਤ ਕਰਾਉਣ ਦੀ ਮੁਹਿੰਮ ਠੁੱਸ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਪੰਜਾਬ ਸਰਕਾਰ ਵੱਲੋਂ ਇਹ ਨੈਣ ਥੜੇ ਜ਼ੋਰ-ਸ਼ੋਰ ਨਾਲ ਚਲਾਈ ਗਈ ਸੀ ਕਿ ਨਹਿਰੀ ਖਾਲ ਨਜਾਇਜ਼ ਕਬਜ਼ਿਆਂ ਤੋਂ ਮੁਕਤ ਕਰਵਾ ਕੇ ਨਹਿਰੀ ਪਾਣੀ ਕਿਸਾਨਾਂ ਦੇ ਖੇਤਾਂ ਤੱਕ ਪੁਚਾਇਆ ਜਾਵੇਗਾ ਪਰ ਇਹ ਮੁਹਿੰਮ ਬਲਾਕਾ ਤਰਸਿੱਕਾ ਦੇ ਪਿੰਡਾਂ ਵਿੱਚ ਬਿਲਕੁਲ ਠੁੱਸ ਹੋ ਚੁੱਕੀ ਹੈ ਕਿਉਂਕਿ ਕਿਸੇ ਵੀ ਪਿੰਡ ਵਿੱਚ ਅਜੇ ਤੱਕ ਨਹਿਰੀ ਖਾਲ ਕਰਜ਼ੇ ਤੋਂ ਮੁਕਤ ਨਹੀਂ ਕਰਵਾਇਆ ਗਿਆ ਜਿਸ ਤੋਂ ਲੱਗਦਾ ਹੈ ਕਿ ਇਸ ਵਾਰ ਕਿਸਾਨਾਂ ਦੇ ਖੇਤਾਂ ਵਿੱਚ ਨਹਿਰੀ ਪਾਣੀ ਪਹਿਲਾਂ ਦੀ ਤਰ੍ਹਾਂ ਹੀ ਦੂਰ ਰਹੇਗਾ। ਵਰਨਣਯੋਗ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਲਾਨ ਕੀਤਾ ਸੀ ਕਿ ਐਤਕੀਂ ਨਹਿਰੀ ਖਾਲ ਨੂੰ ਨਾਜਾਇਜ਼ ਕਬਜ਼ਾਕਾਰਾਂ ਦੇ ਕਬਜ਼ਿਆਂ ਵਿੱਚੋਂ ਛੁਡਵਾ ਕੇ ਨਹਿਰਾਂ ਦਾ ਪਾਣੀ ਕਿਸਾਨਾਂ ਦੇ ਖੇਤਾਂ ਤੱਕ ਬਚਾਇਆ ਜਾਵੇਗਾ ਤਾਂ ਜੋ ਇਕ ਬਿਜਲੀ ਦੀ ਕਿੱਲਤ ਦੂਰ ਹੋਵੇਗੀ ਦੂਸਰਾ ਪਹਿਲਾਂ ਦੀ ਤਰ੍ਹਾਂ ਹੀ ਕਿਸਾਨਾਂ ਦੇ ਖੇਤਾਂ ਵਿੱਚ ਨਹਿਰੀ ਪਾਣੀ ਪਹੁੰਚੇਗਾ ਪਰ ਹੋਇਆ ਬਿਲਕੁਲ ਇਸਦੇ ਉਲਟ ਹੈ। ਅੱਜ ਤੱਕ ਪਿੰਡਾਂ ਵਿੱਚ ਪਟਵਾਰੀ ਜਾਂ ਨਹਿਰੀ ਵਿਭਾਗ ਦੇ ਕਰਮਚਾਰੀਆਂ ਨੇ ਪਿੰਡਾਂ ਵਿਚ ਦਸਤਕ ਨਹੀਂ ਦਿੱਤੀ ਜਦਕਿ

3-JUNE-PAGE-4.qxd 6/2/2023 10:33 PM Page 1

ਨਵਾਂ ਜ਼ਮਾਨਾ
ਸ਼ਨੀਵਾਰ, 3 ਜੂਨ 2023

ਬ੍ਰਿਜਭੂਸ਼ਣ ਦੀਆਂ ਕਰਤੂਤਾਂ ਬੇਪਰਦ

ਭਾਜਪਾ ਸਾਂਸਦ ਤੇ ਕੁਸ਼ਤੀ ਸੰਘ ਦੇ ਪ੍ਰਧਾਨ ਬ੍ਰਿਜਭੂਸ਼ਣ ਸ਼ਰਣ ਸਿੰਘ ਭਾਵੇਂ ਸਾਧੂ-ਸੰਤਾਂ ਦੀ ਸ਼ਰਨ ਵਿੱਚ ਚਲਾ ਗਿਆ ਹੈ, ਪਰ ਉਹਦੇ ਗੁਨਾਹਾਂ ਦਾ ਕਾਲਾ ਚਿੱਠਾ ਹੁਣ ਜਨਤਾ ਦੀ ਕਚਹਿਰੀ ਵਿੱਚ ਬੇਪਰਦ ਹੋ ਚੁੱਕਾ ਹੈ। ਅਜਿਹੀ ਸਥਿਤੀ ਵਿੱਚ ਉਸ ਦੇ ਪੱਖ ਵਿੱਚ ਦਲੀਲਾਂ ਦੇਣ ਵਾਲਿਆਂ ਨੂੰ ਵੀ ਸ਼ਰਮਸਾਰ ਹੋਣਾ ਪਵੇਗਾ। ਇੰਡੀਅਨ ਐਕਸਪ੍ਰੈਸ ਨੇ ਆਪਣੀ ਇੱਕ ਰਿਪੋਰਟ ਵਿੱਚ ਮਹਿਲਾ ਭਲਵਾਨਾਂ ਵੱਲੋਂ ਦਰਜ ਕਰਾਈਆਂ ਗਈਆਂ ਐੱਫ ਆਈ ਆਰ ਦਾ ਬਿਊਰਾ ਛਾਪ ਕੇ ਉਸ ਦੀਆਂ ਕਰਤੂਤਾਂ ਨੂੰ ਨੰਗਾ ਕਰ ਦਿੱਤਾ ਹੈ।

ਬ੍ਰਿਜ ਭੂਸ਼ਣ ਵਿਰੁੱਧ ਭਲਵਾਨਾਂ ਵੱਲੋਂ ਦੋ ਐੱਫ਼ ਆਈ ਆਰ ਦਰਜ ਕਰਾਈਆਂ ਗਈਆਂ ਹਨ। ਇੱਕ ਐੱਫ਼ ਆਈ ਆਰ 6 ਬਾਲਗ ਮਹਿਲਾ ਭਲਵਾਨਾਂ ਵੱਲੋਂ ਤੇ ਦੂਜੀ ਇੱਕ ਨਬਾਲਗ ਦੇ ਪਿਤਾ ਵੱਲੋਂ ਹੈ। ਇਨ੍ਹਾਂ ਵਿੱਚ ਮਦਦ ਬਦਲੇ ਸਰੀਰਕ ਸੰਬੰਧ ਬਣਾਉਣ ਦੀ ਮੰਗ ਦੇ ਦੋ ਕੇਸ ਤੇ ਗਲਤ ਤਰੀਕੇ ਨਾਲ ਛੂਹਣ, ਛੇੜਛਾੜ, ਛਾਤੀ 'ਤੇ ਹੱਥ ਰੱਖਣ, ਧੁੰਨੀ ਨੂੰ ਛੂਹਣ 'ਤੇ ਨਿਤੰਬਾਂ ਤੇ ਹੱਥ ਫੇਰਨ ਆਦਿ ਦੀਆਂ 15 ਘਟਨਾਵਾਂ ਸ਼ਾਮਲ ਹਨ।

ਨਬਾਲਗ ਦੇ ਪਿਤਾ ਵੱਲੋਂ ਦਰਜ ਕਰਾਈ ਗਈ ਰਿਪੋਰਟ ਵਿੱਚ ਨਬਾਲਗ ਨੇ ਕਿਹਾ ਹੈ ਕਿ "ਤਸਵੀਰ ਲੈਣ ਦੇ ਬਹਾਨੇ ਉਸ ਨੇ ਮੈਨੂੰ ਕੱਸ ਕੇ ਆਪਣੇ ਵੱਲ ਖਿੱਚਿਆ, ਮੋਢਿਆਂ ਨੂੰ ਦਬਾਇਆ ਤੇ ਛਾਤੀ ਉੱਤੇ ਹੱਥ ਫੇਰਿਆ। ਉਸ ਨੂੰ ਮੈਂ ਇਹ ਵੀ ਕਿਹਾ ਕਿ, ਮੈਂ ਤੁਹਾਨੂੰ ਪਹਿਲਾਂ ਵੀ ਕਹਿ ਚੁੱਕੀ ਹਾਂ ਕਿ ਮੇਰੀ ਕਿਸੇ ਪ੍ਰਕਾਰ ਦੇ ਸਰੀਰਕ ਸੰਬੰਧ ਬਣਾਉਣ ਵਿੱਚ ਕੋਈ ਰੁਚੀ ਨਹੀਂ ਤੇ ਮੇਰਾ ਪਿੱਛਾ ਕਰਨਾ ਬੰਦ ਕਰ ਦੇਵੋ।"

ਛੇ ਬਾਲਗ ਮਹਿਲਾ ਭਲਵਾਨਾਂ ਦੀ ਸਾਂਝੀ ਐੱਫ ਆਈ ਆਰ ਵਿੱਚ ਪਹਿਲੀ ਭਲਵਾਨ ਨੇ ਕਿਹਾ, "ਇੱਕ ਦਿਨ ਜਦੋਂ ਮੈਂ ਹੋਟਲ ਦੇ ਰੈਸਟੋਰੈਂਟ ਵਿੱਚ ਖਾਣਾ ਖਾਣ ਗਈ ਤਾਂ ਦੋਸ਼ੀ ਨੇ ਮੈਨੂੰ ਆਪਣੇ ਮੇਜ਼ ਉੱਤੇ ਬੁਲਾਇਆ...ਮੇਰੀ ਸਹਿਮਤੀ ਬਿਨਾਂ ਮੇਰੀ ਛਾਤੀ ਉੱਤੇ ਹੱਥ ਰੱਖ ਦਿੱਤਾ ਤੇ ਮੈਨੂੰ ਫੜ ਕੇ ਆਪਣਾ ਹੱਥ ਪੇਟ ਉੱਤੇ ਲੈ ਗਿਆ। ਮੇਰੇ ਲਈ ਇਹ ਸਦਮੇ ਵਾਂਗ ਸੀ। ਦੋਸ਼ੀ ਇੱਥੇ ਹੀ ਨਹੀਂ ਰੁਕਿਆ, ਉਹ ਆਪਣਾ ਹੱਥ ਉੱਪਰ ਮੇਰੀ ਛਾਤੀ ਉੱਤੇ ਲੈ ਗਿਆ। ਉਸ ਨੇ ਮੈਨੂੰ ਗਲਤ ਤਰੀਕੇ ਨਾਲ ਫੜਿਆ ਤੇ ਫਿਰ ਆਪਣਾ ਹੱਥ ਮੇਰੇ ਪੇਟ ਵੱਲ ਸਰਕਾ ਦਿੱਤਾ। ਇਸ ਤਰ੍ਹਾਂ ਉਹ 3-4 ਵਾਰ ਆਪਣਾ ਹੱਥ ਮੇਰੀ ਛਾਤੀ ਉੱਤੇ ਲਿਜਾਂਦਾ ਰਿਹਾ।"

"ਕੁਸ਼ਤੀ ਸੰਘ ਦੇ ਦਫ਼ਤਰ ਵਿੱਚ ਉਸ ਨੇ ਮੇਰੀ ਸਹਿਮਤੀ ਬਿਨਾਂ ਮੇਰੀ ਹਥੇਲੀ, ਪੱਟਾਂ ਤੇ ਮੋਢਿਆਂ ਨੂੰ ਗਲਤ ਤਰੀਕੇ ਨਾਲ ਛੂਹਣਾ ਸ਼ੁਰੂ ਕਰ ਦਿੱਤਾ। ਮੈਂ ਡਰ ਨਾਲ ਕੰਬਣ ਲੱਗੀ।...ਜਦੋਂ ਅਸੀਂ ਬੈਠੇ ਸਾਂ ਤਾਂ ਉਹ ਆਪਣੇ ਪੈਰਾਂ ਨਾਲ ਮੇਰੇ ਪੈਰ ਛੂਹ ਰਿਹਾ ਸੀ।....ਮੇਰੇ ਗੋਡਿਆਂ ਨੂੰ ਛੂਹਿਆ...ਮੇਰੇ ਸਾਹ ਦੀ ਜਾਂਚ ਦੇ ਬਹਾਨੇ ਉਸ ਨੇ ਆਪਣਾ ਹੱਥ ਮੇਰੀ ਛਾਤੀ ਉੱਤੇ ਰੱਖਿਆ ਤੇ ਫਿਰ ਪੇਟ ਤੱਕ ਸਰਕਾ ਦਿੱਤਾ।"

ਦੂਜੀ ਭਲਵਾਨ-"ਮੈਂ ਚਟਾਈ ਉੱਤੇ ਲੇਟੀ ਹੋਈ ਸੀ, ਦੋਸ਼ੀ ਮੇਰੇ ਕੋਲ ਆਇਆ ਤੇ ਮੇਰੇ ਉੱਤੇ ਝੁਕ ਗਿਆ। ਮੇਰੇ ਕੋਚ ਦੀ ਗੈਰਹਾਜ਼ਰੀ ਵਿੱਚ ਮੇਰੀ ਟੀ-ਸ਼ਰਟ ਖਿੱਚੀ ਤੇ ਆਪਣਾ ਹੱਥ ਮੇਰੀ ਛਾਤੀ ਉੱਤੇ ਰੱਖ ਦਿੱਤਾ ਤੇ ਫਿਰ ਪੇਟ ਤੱਕ ਲੈ ਗਿਆ। ਅਜਿਹਾ ਉਸ ਨੇ ਮੇਰੇ ਸਾਹ ਦੀ ਜਾਂਚ ਦੇ ਬਹਾਨੇ ਕੀਤਾ। ਫੈਡਰੇਸ਼ਨ ਦੇ ਦਫ਼ਤਰ ਜਾਣ ਉਤੇ ਮੈਨੂੰ ਦੋਸ਼ੀ ਦੇ ਕਮਰੇ ਵਿੱਚ ਸੱਦਿਆ ਗਿਆ।...ਮੇਰਾ ਭਰਾ ਮੇਰੇ ਨਾਲ ਸੀ, ਉਸ ਨੂੰ ਕਮਰੇ ਵਿੱਚ ਜਾਣੋਂ ਰੋਕ ਦਿੱਤਾ ਗਿਆ। ਦੋਸ਼ੀ ਨੇ ਦੂਜੇ ਵਿਅਕਤੀਆਂ ਦੇ ਚਲੇ ਜਾਣ ਪਿੱਛੋਂ ਦਰਵਾਜ਼ਾ ਬੰਦ ਕਰ ਲਿਆ।...ਮੈਨੂੰ ਆਪਣੇ ਵੱਲ ਖਿੱਚ ਲਿਆ ਤੇ ਮੇਰੇ ਨਾਲ ਜ਼ਬਰਦਸਤੀ ਸਰੀਰਕ ਸੰਬੰਧ ਬਣਾਉਣ ਦੀ ਕੋਸ਼ਿਸ਼ ਕੀਤੀ।"

ਤੀਜੀ ਭਲਵਾਨ-"ਉਸ ਨੇ ਮੇਰੇ ਮਾਤਾ-ਪਿਤਾ ਨਾਲ ਫੋਨ ਉੱਤੇ ਮੇਰੀ ਗੱਲ ਕਰਾਈ, ਕਿਉਂਕਿ ਮੇਰੇ ਕੋਲ ਮੋਬਾਇਲ ਫੋਨ ਨਹੀਂ ਸੀ।...ਉਸ ਨੇ ਮੈਨੂੰ ਆਪਣੇ ਬਿਸਤਰ ਉਤੇ ਬੁਲਾਇਆ, ਜਿੱਥੇ ਉਹ ਬੈਠਾ ਸੀ ਤੇ ਅਚਾਨਕ ਉਸ ਨੇ ਮੈਨੂੰ ਜ਼ਬਰਦਸਤੀ ਆਪਣੇ ਗਲ ਨਾਲ ਲਾ ਲਿਆ। ਉਸ ਨੇ ਆਪਣੀ ਯੌਨ ਇੱਛਾ ਪੂਰੀ ਕਰਨ ਲਈ ਮੈਨੂੰ ਸਪਲੀਮੈਂਟਸ ਖਰੀਦ ਕੇ ਦੇਣ ਦੀ ਪੇਸ਼ਕਸ਼ ਕੀਤੀ। ਇਸ ਤਰ੍ਹਾਂ ਉਸ ਨੇ ਸਰੀਰਕ ਸੰਬੰਧ ਬਣਾਉਣ ਲਈ ਮੈਨੂੰ ਰਿਸ਼ਵਤ ਦੇਣੀ ਚਾਹੀ।"

ਪੰਜਵੀਂ ਭਲਵਾਨ-"ਮੈਨੂੰ ਦੋਸ਼ੀ ਨੇ ਬੁਲਾਇਆ ਤੇ ਮੇਰੇ ਸਾਹ ਦੀ ਜਾਂਚ ਦੇ ਬਹਾਨੇ ਮੇਰੀ ਟੀ-ਸ਼ਰਟ ਖਿੱਚੀ ਤੇ ਆਪਣਾ ਹੱਥ ਪੇਟ ਦੇ ਹੇਠਾਂ ਧੁੰਨੀ ਤੱਕ ਲੈ ਗਿਆ।"

ਪੰਜਵੀਂ ਭਲਵਾਨ-"ਜਦੋਂ ਮੈਂ ਟੀਮ ਫੋਟੋਗਰਾਫ਼ ਲਈ ਕਤਾਰ ਵਿੱਚ ਖੜ੍ਹੀ ਸੀ ਤਾਂ ਦੋਸ਼ੀ ਆ ਕੇ ਮੇਰੇ ਨਾਲ ਖੜ੍ਹਾ ਹੋ ਗਿਆ। ਅਚਾਨਕ ਮੈਨੂੰ ਮੇਰੇ ਨਿਤੰਬਾਂ ਉੱਤੇ ਕਿਸੇ ਦਾ ਹੱਥ ਮਹਿਸੂਸ ਹੋਇਆ। ਮੈਂ ਦੋਸ਼ੀ ਦੀ ਕਰਤੂਤ ਤੋਂ ਦੰਗ ਰਹਿ ਗਈ। ਜਦੋਂ ਮੈਂ ਦੂਰ ਜਾਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਮੈਨੂੰ ਜ਼ਬਰਦਸਤੀ ਮੇਰੇ ਮੋਢਿਆਂ ਤੋਂ ਫੜ ਲਿਆ।"

ਛੇਵੀਂ ਭਲਵਾਨ-"ਮੇਰੇ ਨਾਲ ਇੱਕ ਤਸਵੀਰ ਲੈਣ ਦੇ ਬਹਾਨੇ ਉਸ ਨੇ ਮੈਨੂੰ ਮੋਢਿਆਂ ਤੋਂ ਫੜ ਕੇ ਖਿੱਚ ਲਿਆ। ਆਪਣੇ-ਆਪ ਨੂੰ ਬਚਾਉਣ ਲਈ ਮੈਂ ਉਸ ਤੋਂ ਦੂਰ ਜਾਣ ਦੀ ਕੋਸ਼ਿਸ਼ ਕੀਤੀ। ਉਸ ਦੇ ਚੁੰਗਲ 'ਚੋਂ ਬਚਣ ਲਈ ਮੈਂ ਵਾਰ-ਵਾਰ ਉਸ ਦੀਆਂ ਕੋਸ਼ਿਸ਼ਾਂ ਦਾ ਵਿਰੋਧ ਕੀਤਾ ਤੇ ਉਸ ਨੂੰ ਦੂਰ ਧੱਕਣ ਦੀ ਕੋਸ਼ਿਸ਼ ਕੀਤੀ। ਇਸ ਉੱਤੇ ਉਸ ਨੇ ਧਮਕੀ ਦਿੱਤੀ ਕਿ ਜ਼ਿਆਦਾ ਸਮਾਰਟ ਬਣ ਰਹੀ ਏਂ, ਕੀ ਤੂੰ ਅੱਗੇ ਤੋਂ ਕਿਸੇ ਮੁਕਾਬਲੇ ਵਿੱਚ ਭਾਗ ਨਹੀਂ ਲੈਣਾ?"

ਇਨ੍ਹਾਂ ਦੋਸ਼ਾਂ ਤੋਂ ਬਾਅਦ ਜੇਕਰ ਮਹਿਲਾ ਭਲਵਾਨ ਲੜ ਰਹੀਆਂ ਹਨ ਤਾਂ ਉਹ ਹੱਕੀ ਹਨ। ਉਨ੍ਹਾਂ ਆਪਣੀ ਆਬਰੂ ਦਾ ਸੌਦਾ ਨਹੀਂ ਕੀਤਾ, ਸਗੋਂ ਆਪਣੇ ਭਵਿੱਖ ਨੂੰ ਵੀ ਦਾਅ ਉੱਤੇ ਲਾ ਦਿੱਤਾ ਹੈ। ਹੁਣ ਇਹ ਲੜਾਈ ਉਨ੍ਹਾਂ ਦੀ ਹੀ ਨਹੀਂ, ਸਮੁੱਚੇ ਦੇਸ਼ ਦੀ ਲੜਾਈ ਬਣ ਚੁੱਕੀ ਹੈ। ਕੌਮਾਂਤਰੀ ਮੈਡਲ ਜਿੱਤਣ ਲਈ ਇਨ੍ਹਾਂ ਭਲਵਾਨਾਂ ਦੇ ਹੱਕ ਵਿੱਚ ਹਵਨ ਤੇ ਅਰਦਾਸਾਂ ਕਰਨ ਵਾਲਿਆਂ ਨੂੰ ਵੀ ਆਪਣਾ ਮੂੰਹ ਖੋਲ੍ਹਣਾ ਚਾਹੀਦਾ ਹੈ।

-ਚੰਦ ਫਤਿਹਪੁਰੀ

ਮਗਨਰੇਗਾ ਦੇ ਖਾਤਮੇ ਦੀਆਂ ਸਾਜ਼ਿਸ਼ਾਂ ਨੂੰ ਪਛਾੜੋ !

ਹਰੀ ਬਿਲਾਸ

ਯੂਪੀਏ-1 ਦੀ ਮਨਮੋਹਨ ਸਿੰਘ ਦੀ ਸਰਕਾਰ ਵੱਲੋਂ ਅਗਸਤ 2005 ਵਿੱਚ ਭਾਰਤ ਦੇ ਦੂਰ-ਦੁਰਾਡੇ ਦੇ ਪੱਛੜੇ ਅਤੇ ਅਤਿ ਪੱਛੜੇ ਪੇਂਡੂ ਇਲਾਕਿਆਂ ਦੀ ਗਰੀਬ ਵਸੋਂ, ਖਾਸ ਕਰਕੇ ਬੇਜ਼ਮੀਨੇ-ਸਾਧਨਹੀਣ ਕਿਰਤੀ ਪਰਵਾਰਾਂ ਨੂੰ ਰੁਜ਼ਗਾਰ ਦੇਣ ਲਈ ਮਗਨਰੇਗਾ ਕਾਨੂੰਨ (ਮਹਾਤਮਾ ਗਾਂਧੀ ਨੈਸ਼ਨਲ ਰੂਰਲ ਇੰਪਲਾਈਮੈਂਟ ਗਰੰਟੀ ਐਕਟ) ਪਾਸ ਕੀਤਾ ਗਿਆ ਸੀ। ਕਈ ਘਾਟਾਂ-ਕਮਜ਼ੋਰੀਆਂ ਦੇ ਬਾਵਜੂਦ ਇਹ ਕਾਨੂੰਨ ਪਿੰਡਾਂ ਵਿਚਲੀ ਗਰੀਬ ਵਸੋਂ ਦੀਆਂ ਮੁੱਢਲੀਆਂ ਜੀਵਨ ਲੋੜਾਂ ਦੀ ਪੂਰਤੀ ਕਰਨ ਪੱਖੋਂ ਸੀਮਤ ਹੱਦ ਤੱਕ ਕਾਫੀ ਸਹਾਈ ਸਾਬਤ ਹੋਇਆ ਹੈ।

ਸਰਕਾਰੀ ਅੰਕੜਿਆਂ ਮੁਤਾਬਿਕ 28 ਮਾਰਚ 2023 ਤੱਕ ਇਸ ਸਕੀਮ ਤਹਿਤ 29 ਕਰੋੜ ਤੋਂ ਵਧੇਰੇ (29,72,36,647) ਬੇਰੁਜ਼ਗਾਰ ਕਿਰਤੀ ਰਜਿਸਟਰਡ (ਦਰਜ) ਕੀਤੇ ਗਏ ਸਨ, ਜਿਨ੍ਹਾਂ ਵਿੱਚੋਂ ਤਕਰੀਬਨ 15 ਕਰੋੜ (15,06,76,709) ਬੇਰੁਜ਼ਗਾਰ ਕਾਮਿਆਂ ਨੂੰ ਹੀ ਜਾਇਜ਼ ਜਾਂ ਐਕਟਿਵ ਕਾਮੇ ਮੰਨਿਆ ਗਿਆ ਹੈ, ਕਿਉਂਕਿ ਇਸ ਐਕਟ ਤਹਿਤ ਹਰੇਕ ਪਰਵਾਰ ਵਿੱਚੋਂ ਸਿਰਫ ਇੱਕ ਜੀਅ ਹੀ ਇਸ ਸਕੀਮ ਦਾ ਲਾਭ ਲੈਣ ਦਾ ਹੱਕਦਾਰ ਹੈ। ਕਾਫ਼ੀ ਸੂਬਿਆਂ ਵਿੱਚ ਬੇਰੁਜ਼ਗਾਰ ਕਿਰਤੀਆਂ ਨੂੰ ਰਜਿਸਟਰਡ ਭਾਵ ਦਰਜ ਕਰਨ ਦਾ ਕੰਮ ਅਜੇ ਬਾਕੀ ਹੈ। ਇਸ ਸਕੀਮ ਤਹਿਤ ਹਰ ਰਜਿਸਟਰਡ ਕਾਮੇ ਨੂੰ ਸਾਲ ਵਿੱਚ ਘੱਟੋ-ਘੱਟ 100 ਦਿਨਾਂ ਦਾ ਰੁਜ਼ਗਾਰ ਦਿੱਤੇ ਜਾਣ ਦੀ ਗਾਰੰਟੀ ਕੀਤੀ ਗਈ ਹੈ। ਜੇਕਰ ਰਜਿਸਟਰਡ ਕਾਮੇ ਨੂੰ ਕੰਮ ਨਹੀਂ ਦਿੱਤਾ ਜਾਂਦਾ ਤਾਂ ਕਾਨੂੰਨ ਅਨੁਸਾਰ ਉਹ ਬੇਰੁਜ਼ਗਾਰੀ ਭੱਤਾ ਲੈਣ ਦਾ ਵੀ ਹੱਕਦਾਰ ਹੈ। ਇਹ ਦੱਸਣਾ ਬਣਦਾ ਹੈ ਕਿ 10 ਵਿੱਚੋਂ 9 ਰਜਿਸਟਰਡ ਪਰਵਾਰਾਂ ਦੀ ਮੰਗ ਹੈ ਕਿ ਇਸ ਸਕੀਮ ਤਹਿਤ ਪਰਵਾਰ ਦੇ ਇੱਕ ਮੈਂਬਰ ਨੂੰ ਹੀ ਕੰਮ ਦੇਣ ਦੀ ਥਾਂ ਪਰਵਾਰ ਦੇ ਹਰੇਕ ਯੋਗ ਵਿਅਕਤੀ ਨੂੰ ਸਾਲ ਵਿੱਚ 100 ਦਿਨ ਕੰਮ ਦੇਣ ਦੀ ਲਾਜ਼ਮੀ ਵਿਵਸਥਾ ਕੀਤੀ ਜਾਵੇ। ਵੈਸੇ ਕਿਰਤੀ ਜਥੇਬੰਦੀਆਂ ਸਾਰੇ ਬਾਲਗ ਮਜ਼ਦੂਰਾਂ ਨੂੰ ਸਾਰਾ ਸਾਲ ਕੰਮ ਦੇਣ ਦੀ ਮੰਗ ਕਰਦੀਆਂ ਹਨ।

ਪਰ ਆਮ ਸ਼ਿਕਾਇਤਾਂ ਇਹ ਹਨ ਕਿ ਲਾਭਪਾਤਰੀਆਂ ਨੂੰ ਸਾਲ ਵਿੱਚ ਵੱਧ ਤੋਂ ਵੱਧ 50 ਦਿਨਾਂ ਦਾ ਹੀ ਰੁਜ਼ਗਾਰ ਮਿਲਦਾ ਹੈ। ਕੋਰੋਨਾ ਮਹਾਂਮਾਰੀ ਦੇ ਸਾਲਾਂ 2020-21 ਦੌਰਾਨ ਮਗਨਰੇਗਾ ਕੰਮ ਦਿਨਾਂ 'ਚ 54% ਅਤੇ ਸਾਲ 2021-22 ਦੌਰਾਨ 44% ਵਾਧਾ ਦਰਜ ਕੀਤਾ ਗਿਆ ਸੀ।

ਅਜ਼ੀਮ ਪਰੇਮਜੀ ਯੂਨੀਵਰਸਿਟੀ ਵੱਲੋਂ ਕਰਵਾਏ ਗਏ ਇੱਕ ਸਰਵੇਖਣ ਅਨੁਸਾਰ ਇਸ ਸਕੀਮ ਦੇ ਲਾਗੂ ਹੋਣ ਨਾਲ ਜਿੱਥੇ ਪੇਂਡੂ ਇਲਾਕਿਆਂ ਵਿੱਚ ਵਿਕਾਸ ਹੋਇਆ ਹੈ, ਉਥੇ ਗਰੀਬ ਵਸੋਂ ਦੇ ਪ੍ਰਵਾਸ ਨੂੰ ਵੀ ਠੱਲ੍ਹ ਪਈ ਹੈ।

ਯਾਦ ਰੱਖਣਯੋਗ ਹੈ ਕਿ ਇਹ ਐਕਟ ਖੱਬੀ ਸੋਚ ਵਾਲੀਆਂ ਮਜ਼ਦੂਰ ਜਥੇਬੰਦੀਆਂ ਅਤੇ ਕੁਝ ਸਮਾਜਿਕ ਕਾਰਕੁੰਨਾਂ ਦੇ ਲੰਬੇ ਸੰਘਰਸ਼ਾਂ ਦੇ ਦਬਾਅ ਸਦਕਾ ਹੀ ਹੋਂਦ 'ਚ ਆਇਆ ਹੈ, ਪਰ ਇਸ ਐਕਟ ਪ੍ਰਤੀ ਕੇਂਦਰ ਦੀ ਮੋਦੀ ਸਰਕਾਰ ਦੀ ਸੋਚ ਅਤੇ ਹਾਵ-ਭਾਵ 'ਚੋਂ ਭਾਰਤ ਦੇ ਗਰੀਬ ਲੋਕਾਂ ਪ੍ਰਤੀ ਉਦਾਸੀਨਤਾ ਜਾਂ ਲਾਪਰਵਾਹੀ ਹੀ ਝਲਕਦੀ ਹੈ। ਅਹੁਦਾ ਸੰਭਾਲਣ ਤੋਂ ਇੱਕ ਸਾਲ ਬਾਅਦ, 2015 ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਇਸ ਸਕੀਮ ਨੂੰ ਕਾਂਗਰਸ ਸਰਕਾਰ ਦੀਆਂ ਅਸਫਲਤਾਵਾਂ ਦੀ 'ਜੀਊਂਦੀ-ਜਾਗਦੀ ਯਾਦਗਾਰ' ਗਰਦਾਨ ਕੇ ਪਾਰਲੀਮੈਂਟ ਅੰਦਰ ਤਾੜੀਆਂ ਮਰਵਾ ਕੇ ਇਸ ਦੀ ਖਿੱਲੀ ਉਡਾਉਂਦਿਆਂ ਕਿਹਾ ਸੀ ਕਿ, "60 ਸਾਲ ਸ਼ਾਸਨ ਵਿੱਚ ਰਹਿਣ ਉਪਰੰਤ ਵੀ ਤੁਸੀਂ (ਕਾਂਗਰਸ ਵਾਲੇ) ਗਰੀਬਾਂ ਨੂੰ ਹਰ ਮਹੀਨੇ ਕੁਝ ਦਿਨ ਟੋਏ ਪੁੱਟਣ ਤੋਂ ਇਲਾਵਾ ਹੋਰ ਕੀ ਪ੍ਰਦਾਨ ਕੀਤਾ ਹੈ? ਮੈਂ ਇਸ ਯਾਦਗਾਰ ਦੇ ਆਲੇ-ਦੁਆਲੇ ਢੋਲ ਵਜਾਉਂਦਾ ਆਇਆ ਹਾਂ। ਮੇਰੀ ਰਾਜਨੀਤਕ ਸਮਝ ਮੈਨੂੰ ਕਹਿੰਦੀ ਹੈ ਕਿ ਮਗਨਰੇਗਾ ਨੂੰ ਬੰਦ ਨਹੀਂ ਕੀਤਾ ਜਾਣਾ ਚਾਹੀਦਾ।"

ਪਰ ਪੇਂਡੂ ਖੇਤਰ ਵਿੱਚ ਕੰਮ ਕਰਦੇ ਲੋਕ ਮਹਿਸੂਸ ਕਰਦੇ ਹਨ ਕਿ ਢੋਲ-ਢਮੱਕੇ ਰਾਹੀਂ 'ਮੰਗ 'ਤੇ ਅਧਾਰਿਤ ਕੰਮ' ਵਾਲੀ ਇਸ ਸਕੀਮ ਲਈ ਨਾਕਾਫ਼ੀ ਫੰਡ ਰੱਖਣ ਦੇ ਨਤੀਜੇ ਵਜੋਂ ਮਿਹਨਤਾਨੇ ਦੇ ਰੇਟ ਘਟਾ ਕੇ, ਪੰਚਾਇਤੀ ਰਾਜ ਤੇ ਪਾਰਦਰਸ਼ੀ ਹਿਸਾਬ-ਕਿਤਾਬ ਸੰਬੰਧੀ ਅਦਾਰਿਆਂ ਨੂੰ ਅੰਦਰੋਂ ਖੋਖਲਾ ਕਰਕੇ ਅਤੇ ਹੁਣ ਕਾਮਿਆਂ ਦੀ ਹਾਜ਼ਰੀ ਅਤੇ ਮਿਹਨਤਾਨੇ ਦੀ ਅਦਾਇਗੀ ਲਈ ਕਾਮਿਆਂ ਅਤੇ ਸਥਾਨਕ ਸਰਕਾਰੀ ਮੁਲਾਜ਼ਮਾਂ ਲਈ ਪ੍ਰਕਿਰਿਆ ਹੋਰ ਕਠਿਨ ਤੇ ਗੁੰਝਲਦਾਰ ਬਣਾ ਕੇ ਇਸ ਸਕੀਮ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ। ਜਿਸ ਦੀਆਂ ਅਨੇਕਾਂ ਹੀ ਮਿਸਾਲਾਂ ਕੁਝ ਇਸ ਤਰ੍ਹਾਂ ਹਨ; ਜਿਵੇਂ ਕਿ ਸਰਕਾਰ ਦਾ ਕੁੱਝ ਸੂਬਿਆਂ ਅੰਦਰ ਯੋਗ ਬੇਰੁਜ਼ਗਾਰ ਕਾਮਿਆਂ ਨੂੰ ਰਜਿਸਟਰਡ ਕਰਨਾ ਹਾਲੇ ਬਾਕੀ ਹੈ। ਸਰਕਾਰ ਤ੍ਰਿਸ਼ੂਲ ਵਾਂਗੂੰ ਮਗਨਰੇਗਾ ਉਤੇ ਤਿੰਨ ਤਰ੍ਹਾਂ ਨਾਲ ਹਮਲਾ ਕਰ ਰਹੀ ਹੈ।

ਪਹਿਲਾ : ਲਾਭਪਾਤਰੀਆਂ ਨੂੰ ਆਧਾਰ ਕਾਰਡ ਨਾਲ ਜੋੜਨਾ ਤੇ ਡਿਜੀਟਲ ਐਪ ਨਾਲ ਜੋੜ ਕੇ ਆਪਣੀ ਹਾਜ਼ਰੀ ਲਗਾਉਣਾ। ਅਜਿਹੇ ਨਾਲ ਡਿਜੀਟਲ ਅਨਪੜ੍ਹਤਾ ਕਰਕੇ ਕਾਮਿਆਂ ਦੀਆਂ ਸੇਵਾਵਾਂ ਉਤੇ ਮਾਰੂ ਅਸਰ ਪਿਆ ਹੈ।

ਦੂਸਰਾ : ਫਰਵਰੀ ਤੋਂ ਮਿਹਨਤਾਨੇ ਦੀ ਅਦਾਇਗੀ ਨੂੰ ਅਧਾਰ ਤੇ ਪੈਨ ਨਾਲ ਜੋੜ ਕੇ ਹੋਰ ਕਠਿਨ ਤੇ ਗੁੰਝਲਦਾਰ ਬਣਾ ਦਿੱਤਾ ਗਿਆ ਹੈ।

ਤੀਸਰਾ : ਮਗਨਰੇਗਾ ਤਹਿਤ ਰੁਕੀ ਹੋਈ ਉਜਰਤ ਮਿਹਨਤਾਨਾ ਨੂੰ ਬਾਅਦ ਵਿੱਚ ਪ੍ਰਾਪਤ ਨਾ ਹੋਣ ਦੀ ਸ਼ਰਤ ਵਿੱਚ।

ਇੱਥੇ ਸਰਕਾਰੀ ਅੰਕੜੇ ਇਹ ਵੀ ਦੱਸਦੇ ਹਨ ਕਿ ਸਰਕਾਰ ਵੱਲੋਂ ਰਜਿਸਟਰਡ ਕਾਮੇ ਲੱਗਭੱਗ 30 ਕਰੋੜ ਹਨ, ਜਿਨ੍ਹਾਂ ਵਿੱਚ 20.6 ਕਰੋੜ ਕਾਮਿਆਂ ਨੂੰ ਅਧਾਰ ਕਾਰਡ ਨਾਲ ਜੋੜਿਆ ਜਾ ਸਕਿਆ ਹੈ ਅਤੇ ਇਨ੍ਹਾਂ ਵਿੱਚੋਂ ਸਿਰਫ 16.3 ਕਰੋੜ ਹੀ ਸਫਲਤਾ-ਪੂਰਵਕ ਵੈਰੀਫਾਇਡ (ਪੜਤਾਲ ਉਪਰੰਤ ਠੀਕ ਪਾਏ ਗਏ) ਹੋਏ ਹਨ ਅਤੇ ਸਿਰਫ 12.0 ਕਰੋੜ ਕਾਮੇ ਹੀ ਕੰਮ ਪ੍ਰਾਪਤ ਕਰ ਰਹੇ ਹਨ। ਹੁਣ ਸਰਕਾਰ ਲਾਭਪਾਤਰੀਆਂ ਨੂੰ ਏ ਬੀ ਪੀ ਐਸ (ਅਧਾਰ ਬੇਸਡ ਪੇਮੈਂਟ ਸਿਸਟਮ) ਰਾਹੀਂ ਭੁਗਤਾਨ ਤਹਿਤ ਕੁਲ 13.2 ਕਰੋੜ ਕਾਮੇ ਯੋਗ ਕਰਾਰ ਦਿੱਤੇ ਗਏ ਹਨ ਅਤੇ ਇਨ੍ਹਾਂ ਵਿੱਚ ਵੀ 10.4 ਕਰੋੜ ਲਾਭਪਾਤਰੀ ਹੀ ਸਫਲਤਾ-ਪੂਰਵਕ ਕੰਮ ਕਰ ਰਹੇ ਹਨ। ਬਾਕੀ ਲੱਗਭੱਗ 18 ਕਰੋੜ ਬੇਰੁਜ਼ਗਾਰਾਂ ਨੂੰ ਸ਼ਾਤਰਾਨਾ ਢੰਗ ਨਾਲ ਬੇਇਮਾਨੀ ਤਹਿਤ ਸਕੀਮ ਵਿੱਚੋਂ ਬਾਹਰ ਕਰ ਦਿੱਤਾ ਗਿਆ ਹੈ। ਸਰਕਾਰੀ ਅੰਕੜਿਆਂ ਅਨੁਸਾਰ ਅਧਾਰ ਨੂੰ ਪੈਨ ਨਾਲ ਜੋੜਨ ਵਾਲੀ ਸ਼ਰਤ ਲਾਗੂ ਕਰਨ ਨਾਲ ਸਿਰਫ 43% ਕਾਮੇ ਹੀ ਮਗਨਰੇਗਾ ਸਕੀਮ ਤਹਿਤ ਯੋਗ ਪਾਏ ਗਏ ਹਨ। ਜਿਸ ਕਰਕੇ ਮਗਨਰੇਗਾ ਸਕੀਮ ਲਈ ਬੱਜਟ ਹਰ ਸਾਲ ਘੱਟ ਕੀਤਾ ਜਾ ਰਿਹਾ ਹੈ। ਸਰਕਾਰੀ ਅੰਕੜੇ ਵੀ ਇਹੋ ਹੀ ਦਰਸਾਉਂਦੇ ਹਨ ਕਿ ਸਾਲ 2021-22 ਤਹਿਤ ਇਸ ਸਕੀਮ ਲਈ 73000 ਕਰੋੜ ਰੁਪਏ ਰੱਖੇ

3-JUNE-PAGE-5.qxd 6/2/2023 10:31 PM Page 1

ਬ੍ਰਿਜ ਭੂਸ਼ਣ ਦੀ ਗ੍ਰਿਫ਼ਤਾਰੀ ਲਈ ਸੜਕਾਂ 'ਤੇ ਉੱਤਰਿਆ ਸੰਯੁਕਤ ਕਿਸਾਨ ਮੋਰਚਾ

ਭਾਰਤੀ ਔਰਤਾਂ ਨੇ ਹਿਟਲਰਸ਼ਾਹੀ ਤੇ ਫਿਰਕਾਪ੍ਰਸਤੀ ਵਿਰੁੱਧ ਚੁੱਕੇ ਸੰਗਰਮੀ ਝੰਡੇ : ਬਲਵੀਰ ਕੌਰ

ਸਿਰਸਾ (ਸੁਰਿੰਦਰ ਪਾਲ ਸਿੰਘ) : ਸਿਰਸਾ 'ਚ ਸ਼ਹੀਦ ਭਗਤ ਸਿੰਘ ਸਟੇਡੀਅਮ 'ਚ ਸਾਂਝਾ ਕਿਸਾਨ ਮੋਰਚਾ ਤੇ ਹੋਰ ਭਰਾਤਰੀ ਜਥੇਬੰਦੀਆਂ ਵੱਲੋਂ

ਭਾਜਪਾ ਦੇ ਸੰਸਦ ਮੈਂਬਰ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੀ ਤੁਰੰਤ ਗ੍ਰਿਫ਼ਤਾਰੀ ਦੀ ਮੰਗ ਨੂੰ ਲੈ ਕੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਰਾਹੀਂ ਰਾਸ਼ਟਰਪਤੀ ਨੂੰ ਮੰਗ ਪੱਤਰ ਦਿੱਤਾ ਗਿਆ ਤੇ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ ਗਿਆ। ਇਨ੍ਹਾਂ ਜਥੇਬੰਦਕ ਆਗੂਆਂ ਨੇ ਪ੍ਰਧਾਨ ਮੰਤਰੀ ਵੱਲੋਂ ਸੰਸਦ ਮੈਂਬਰ ਨੂੰ ਬਚਾਉਣ ਦਾ ਦੋਸ਼ ਲਾਉਂਦੇ ਹੋਏ ਮੋਦੀ ਦਾ ਪੁਤਲਾ ਫੂਕਿਆ। ਇਨ੍ਹਾਂ ਆਗੂਆਂ ਨੇ ਕਿਹਾ ਕਿ ਬ੍ਰਿਜ ਭੂਸ਼ਣ ਦੀ ਗ੍ਰਿਫ਼ਤਾਰੀ ਨਾ ਹੋਣ ਦੀ ਸੂਰਤ ਵਿੱਚ 5 ਜੂਨ ਨੂੰ ਜ਼ਿਲ੍ਹੇ ਦੇ ਪਿੰਡਾਂ ਵਿੱਚ ਸਰਕਾਰ ਦੇ ਪੁਤਲੇ ਫੂਕ ਕੇ ਰੋਸ ਪ੍ਰਦਰਸ਼ਨ ਕਰਨਗੇ।

ਸੰਯੁਕਤ ਕਿਸਾਨ ਮੋਰਚੇ ਦੇ ਸੀਨੀਅਰ ਆਗੂ ਕਾਮਰੇਡ ਸਵਰਨ ਸਿੰਘ ਵਿਰਕ ਦਾ ਕਹਿਣਾ ਸੀ ਕਿ ਅੰਤਰਰਾਸ਼ਟਰੀ ਖੇਡ ਮੁਕਾਬਲਿਆਂ ਵਿੱਚ ਤਮਗੇ ਜਿੱਤ ਕੇ ਦੇਸ਼ ਦਾ ਨਾਮ ਰੌਸ਼ਨ ਕਰਨ ਵਾਲੀਆਂ ਮਹਿਲਾ ਪਹਿਲਵਾਨਾਂ ਦਾ ਬ੍ਰਿਜ ਭੂਸ਼ਣ ਨੇ ਜਿਨਸੀ ਸ਼ੋਸ਼ਣ ਕੀਤਾ। ਉਨ੍ਹਾ ਕਿਹਾ ਕਿ ਬ੍ਰਿਜ ਭੂਸ਼ਣ ਖਿਲਾਫ ਅਦਾਲਤ ਵੱਲੋਂ 2 ਐੱਫ.ਆਈ.ਆਰ. ਦਰਜ ਹੋਣ 'ਤੇ ਵੀ ਦਿੱਲੀ ਪੁਲਸ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨ ਦੀ ਬਜਾਏ ਉਸ ਨੂੰ ਬਚਾਉਣ ਦਾ ਕੰਮ ਕਰ ਰਹੀ ਹੈ।ਵਿਰਕ ਨੇ ਕਿਹਾ ਕਿ ਦਿੱਲੀ ਵਿੱਚ ਸ਼ਾਂਤਮਈ ਰੋਸ ਮਾਰਚ ਨੂੰ ਸਰਕਾਰ ਨੇ ਬੇਰਹਿਮੀ ਨਾਲ ਦਬਾਇਆ ਤੇ ਦੇਸ਼ ਲਈ ਮੈਡਲ ਲਿਆਉਣ ਵਾਲੀਆਂ ਧੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਅਤੇ ਉਨ੍ਹਾਂ ਵਿਰੁੱਧ ਐੱਫ ਆਈ ਆਰ ਦਰਜ ਕਰਕੇ ਜੰਤਰ-ਮੰਤਰ ਵਿਖੇ ਸ਼ਾਂਤਮਈ ਧਰਨੇ ਵਾਲੀ ਥਾਂ ਤੋਂ ਹਟਾ ਦਿੱਤਾ ਗਿਆ।ਐਡਵੋਕੇਟ ਬਲਵੀਰ ਕੌਰ ਗਾਂਧੀ ਨੇ ਕਿਹਾ ਕਿ ਮਹਿਲਾ ਪਹਿਲਵਾਨਾਂ ਨਾਲ ਕੀਤੀ ਗਈ ਬੇਰਹਿਮੀ ਲਈ ਜ਼ਿੰਮੇਵਾਰ ਪੁਲਸ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ ਤੇ ਬ੍ਰਿਜ ਭੂਸ਼ਣ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ।ਉਨ੍ਹਾ ਕਿਹਾ ਕਿ ਭਾਰਤ ਦੀਆਂ ਔਰਤਾਂ ਹੁਣ ਜਾਗਰੂਕ ਹੋ ਚੁੱਕੀਆਂ ਹਨ, ਉਨ੍ਹਾਂ ਨੇ ਹਿਟਲਰਸ਼ਾਹੀ ਤੇ ਫਿਰਕਾਪ੍ਰਸਤੀ ਵਿਰੁੱਧ ਸਗਰਮੀ ਝੰਡੇ ਚੁੱਕ ਲਏ ਹਨ। ਸੰਯੁਕਤ ਕਿਸਾਨ ਮੋਰਚੇ ਦੇ ਇਸ ਰੋਸ ਮਾਰਚ ਵਿੱਚ ਕੁੱਲ ਹਿੰਦ ਕਿਸਾਨ ਸਭਾ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਰਾਸ਼ਟਰੀ ਕਿਸਾਨ ਮੰਚ, ਪਗੜੀ ਸੰਭਾਲ ਜੱਟਾ, ਭਾਰਤੀ ਕਿਸਾਨ ਯੂਨੀਅਨ ਤੇ ਆਲ ਇੰਡੀਆ ਕਿਸਾਨ ਕਿਸਾਨ ਸਭਾ, ਨੌਜਵਾਨ ਸਭਾ ਤੋਂ ਇਲਾਵਾ ਮਜ਼ਦੂਰ ਤੇ ਮੁਲਾਜ਼ਮ ਜਥੇਬੰਦੀਆਂ ਵੀ ਸ਼ਾਮਲ ਸਨ।

ਇਸ ਰੋਸ ਪ੍ਰਦਰਸ਼ਨ ਨੂੰ ਸੰਬਧੋਨ ਕਰਨ ਵਾਲਿਆਂ ਵਿੱਚ ਪ੍ਰਿਤਪਾਲ ਸਿੰਘ ਸਿੱਧੂ, ਐਡਵੋਕੇਟ ਬਲਵੀਰ ਕੌਰ ਗਾਂਧੀ, ਹਮਜਿੰਦਰ ਸਿੰਘ, ਲੱਖਾ ਅਲੀਕਾ, ਰਾਜਿੰਦਰ ਰੂਪਵਾਸ, ਹਰਦੇਵ ਜੋਸ਼, ਸਰਪੰਚ ਨੈਨਾ ਝੋਰੜ, ਬਲਰਾਜ ਬਣੀ, ਰਘਵੀਰ ਨਕੋੜਾ, ਕੁਲਦੀਪ ਸਿੰਘ, ਗੁਰਤੇਜ ਬਰਾੜ, ਪ੍ਰਕਾਸ਼, ਮਹਿੰਦਰ ਸ਼ਰਮਾ, ਰੌਸ਼ਨ ਸੁੱਚਨ, ਕੁਲਵਿੰਦਰ ਰੋੜੀ, ਰਮੇਸ਼ ਸ਼ਾਸਤਰੀ, ਪ੍ਰਦੀਪ ਸਚਦੇਵਾ, ਸੋਹਣ ਸਿੰਘ ਰੰਧਾਵਾ, ਵਿਜੇ ਢੁੱਕੜਾ, ਨਕੁਲ, ਵੀਰ ਸਿੰਘ, ਭੂਪ ਸਿੰਘ, ਭਜਨ ਬਾਜੇਕਾ, ਇਕਬਾਲ ਸਿੰਘ ਨੇਜਾਡੇਲਾ, ਜਗਰੂਪ ਸਿੰਘ ਸਮੇਤ ਕਿਸਾਨ, ਮਜ਼ਦੂਰ, ਨੌਜਵਾਨ, ਔਰਤਾਂ ਤੇ ਮੁਲਾਜ਼ਮ ਜਥੇਬੰਦੀਆਂ ਵੀ ਸ਼ਾਮਲ ਸਨ।

ਬ੍ਰਿਜ ਭੂਸ਼ਣ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ : ਕੁਲਦੀਪ ਸਿੰਘ

ਦਿੱਲੀ ਸਰਕਾਰ ਵੱਲੋਂ ਉੱਚ ਨਿਆਲਿਆ ਦੇ ਫੈਸਲੇ ਵਿਰੁੱਧ ਜਾਰੀ ਆਰਡੀਨੈਂਸ ਵਾਪਸ ਲਿਆ ਜਾਵੇ-ਭੰਗੂ

ਦੋਰਾਹਾ (ਹਰਮਿੰਦਰ ਸੇਠ)-ਭਾਰਤੀ ਮਾਰਕਸਵਾਦੀ ਕਮਿਊਨਿਸਟ ਪਾਰਟੀ (ਯੂਨਾਈਟਡ) ਦੇ ਕੌਮੀ ਜਨਰਲ ਸਕੱਤਰ ਕੁਲਦੀਪ ਸਿੰਘ ਤੇ ਪੋਲਿਟ ਬਿਊਰੋ ਮੈਂਬਰ ਪ੍ਰੇਮ ਸਿੰਘ ਭੰਗੂ ਨੇ ਪ੍ਰੈੱਸ ਦੇ ਨਾਂਅ ਜਾਰੀ ਇੱਕ ਸਾਂਝੇ ਬਿਆਨ ਰਾਹੀਂ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਨ ਦੀ ਗ੍ਰਿਫਤਾਰੀ ਨੂੰ ਲੈ ਕੇ ਧਰਨੇ 'ਤੇ ਬੈਠੀਆਂ ਦੇਸ਼ ਦਾ ਨਾਂਅ ਚਮਕਾਉਣ ਵਾਲੀਆਂ ਮੈਡਲ ਜੇਤੂ ਇਸਤਰੀ ਪਹਿਲਵਾਨਾਂ ਵੱਲੋਂ ਲਗਾਏ ਗੰਭੀਰ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਕਾਰਨ ਤੇ ਉਸ ਵਿਰੁੱਧ ਦਰਜ ਐੱਫ ਆਈ ਆਰ ਦੇ ਅਧਾਰ 'ਤੇ ਭਾਰਤੀ ਮਾਰਕਸਵਾਦੀ ਕਮਿਊਨਿਸਟ ਪਾਰਟੀ (ਯੂਨਾਈਟਡ) ਉਸ ਨੂੰ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ ਕਰਦੀ ਹੈ ਤੇ ਇਸਤਰੀ ਪਹਿਲਵਾਨਾਂ ਦੇ ਸੰਘਰਸ਼ ਦਾ ਸਮਰਥਨ ਕਰਦੀ ਹੈ। ਉਨ੍ਹਾਂ ਕਿਹਾ ਕਿ ਮਾਨਯੋਗ ਉੱਚ ਨਿਆਪਾਲਿਕਾ ਵੱਲੋਂ ਦਿੱਲੀ ਦੀ ਚੁਣੀ ਹੋਈ ਸਰਕਾਰ ਨੂੰ ਦਿੱਤੇ ਅਧਿਕਾਰਾਂ ਵਿਰੁੱਧ ਬੀ ਜੇ ਪੀ ਦੀ ਕੇਂਦਰ ਸਰਕਾਰ ਵੱਲੋਂ ਜਾਰੀ ਆਰਡੀਨੈਂਸ ਲੋਕ ਵਿਰੋਧੀ ਤੇ ਲੋਕਤੰਤਰ ਵਿਰੋਧੀ ਹੈ, ਜਿਹੜਾ ਸੂਬਿਆਂ ਦੇ ਅਧਿਕਾਰਾਂ ਉੱਪਰ ਇੱਕ ਸਿੱਧਾ ਹਮਲਾ ਹੈ। ਕੇਂਦਰ ਸਰਕਾਰ ਸੁਪਰੀਮ ਕੋਰਟ ਦੀ ਸੰਵਿਧਾਨਕ ਬੈਂਚ ਦੇ ਸਰਬਸੰਮਤੀ ਵਾਲੇ ਫੈਸਲੇ ਖਿਲਾਫ ਗਈ ਹੈ। ਸੁਪਰੀਮ ਕੋਰਟ ਨੇ ਨਿਰਦੇਸ਼ ਦਿੱਤਾ ਸੀ ਕਿ ਚੁਣੀ ਹੋਈ ਸਰਕਾਰ ਨੂੰ ਲੋਕਤੰਤਰ ਦੇ ਸਿਧਾਂਤਾਂ ਅਨੁਸਾਰ, ਆਪਣੀ ਇੱਛਾ ਅਨੁਸਾਰ, ਸੁਤੰਤਰ ਤੌਰ 'ਤੇ ਫੈਸਲੇ ਲੈਣ ਦੀਆਂ ਸ਼ਕਤੀਆਂ ਦਿੱਤੀਆਂ ਜਾਣ। ਇਸ ਲਈ ਇਸ ਆਰਡੀਨੈਂਸ ਨੂੰ ਤੁਰੰਤ ਵਾਪਸ ਲਿਆ ਜਾਵੇ।

ਮਿੱਡ-ਡੇ ਮੀਲ ਕੁੱਕਾਂ ਦੀਆਂ ਸੱਤ 'ਚੋਂ ਚਾਰ ਮੰਗਾਂ ਪ੍ਰਵਾਨ, 7 ਦਾ ਧਰਨਾ ਮੁਲਤਵੀ : ਚਿੰਡਾਲੀਆ

ਮਮਦੋਟ, (ਜਸਬੀਰ ਸਿੰਘ ਕੰਬੋਜ) : ਮਿੱਡ-ਡੇ ਮੀਲ ਕੁੱਕ ਯੂਨੀਅਨ ਬੀ.ਐੱਮ.ਐੱਸ. ਪੰਜਾਬ ਦੇ ਸੂਬਾ ਪ੍ਰਧਾਨ ਕਰਮਚੰਦ ਚੰਡਾਲੀਆ ਨੇ ਇੱਕ ਪ੍ਰੈੱਸ ਨੋਟ ਜਾਰੀ ਕਰਦੇ ਹੋਏ ਦੱਸਿਆ ਕਿ ਮਿੱਡ-ਡੇ ਮੀਲ ਕੁੱਕਾਂ ਦੀਆਂ ਮੰਗਾਂ ਸਬੰਧੀ ਅਲਟੀਮੇਟਮ ਮਿਤੀ 07-06-2023 ਦਾ ਸਮੂਹ ਡਿਪਟੀ ਕਮਿਸ਼ਨਰ, ਮੁੱਖ ਮੰਤਰੀ, ਵਿੱਤ ਮੰਤਰੀ, ਸਿੱਖਿਆ ਮੰਤਰੀ, ਸੈਕਟਰੀ ਸਿੱਖਿਆ ਵਿਭਾਗ, ਡੀ.ਪੀ.ਆਈ. ਐਲੀਮੈਂਟਰੀ ਪੰਜਾਬ ਤੇ ਜਰਨਲ ਮੈਨੇਜਰ ਮਿੱਡ-ਡੇ ਮੀਲ ਸੁਸਾਇਟੀ ਨੂੰ ਰਜਿਸਟਰੀ ਪੱਤਰ ਰਾਹੀਂ ਦਿੱਤੇ ਗਏ ਸੀ। ਉਨ੍ਹਾਂ ਚਿੱਠੀਆਂ ਦੇ

ਮੁਤਾਬਕ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਇਸ ਜਥੇਬੰਦੀ ਨੂੰ ਬੀ.ਐੱਮ.ਐੱਸ. ਮੀਟਿੰਗ ਦਾ ਸੱਦਾ ਪੱਤਰ ਦਿੱਤਾ ਗਿਆ। ਇਸ ਮੀਟਿੰਗ ਵਿੱਚ ਸ਼ਾਮਲ ਰੁਖਸਾਨਾ ਬੇਗਮ ਮੀਤ ਪ੍ਰਧਾਨ ਪੰਜਾਬ, ਜਨਰਲ ਸੈਕਟਰੀ ਪੰਜਾਬ ਮੁਮਤਾਜ਼ ਬੇਗਮ, ਕੈਸ਼ੀਅਰ ਪਰਮਜੀਤ ਕੌਰ, ਜ਼ਿਲ੍ਹਾ ਪ੍ਰਧਾਨ ਮੋਗਾ ਕਮਲਜੀਤ ਕੌਰ ਕਲਿਆਣ, ਜ਼ਿਲ੍ਹਾ ਪ੍ਰਧਾਨ ਸੰਧਿਆ ਘਾਰੂ ਫਿਰੋਜ਼ਪੁਰ, ਮਨਪ੍ਰੀਤ ਕੌਰ ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਮੀਤ ਪ੍ਰਧਾਨ ਰਿੰਕੀ ਨਵਾਂ ਸ਼ਹਿਰ, ਜਨਰਲ ਸਕੱਤਰ ਮਨਜੀਤ ਕੌਰ, ਨਰਿੰਦਰ ਕੌਰ ਜ਼ਿਲ੍ਹਾ ਪ੍ਰਧਾਨ ਮੋਹਾਲੀ, ਰਕੇਸ਼ ਜ਼ਿਲ੍ਹਾ ਬਠਿੰਡਾ ਪ੍ਰਧਾਨ, ਪਰਮਜੀਤ ਕੌਰ ਪ੍ਰਧਾਨ ਲੁਧਿਆਣਾ, ਬਲਾਕ ਪ੍ਰਧਾਨ ਬਾਘਾ ਪੁਰਾਣਾ ਜਸਵੀਰ ਕੌਰ, ਬਲਾਕ ਪ੍ਰਧਾਨ ਲਵਲੀ ਡੇਰਾਬੱਸੀ, ਬਲਾਕ ਪ੍ਰਧਾਨ ਖਰੜ ਸੁਰਜੀਤ ਕੌਰ ਨੇ ਵੀ ਭਾਗ ਲਿਆ। ਇਸ ਮੀਟਿੰਗ ਨੂੰ ਸੰਬੋਧਤ ਕਰਦੇ ਹੋਏ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਰਮਚੰਦ ਚੰਡਾਲੀਆ ਸੂਬਾ ਪ੍ਰਧਾਨ ਨਾਲ ਮੀਟਿੰਗ ਦੇ ਏਜੰਡੇ ਮੁਤਾਬਿਕ, ਜੋ 13 ਮੰਗਾਂ ਦਾ ਮੰਗ ਪੱਤਰ ਜਨਵਰੀ 2023 ਦਿੱਤਾ ਗਿਆ ਸੀ, ਉਸ ਵਿੱਚ ਪਹਿਲਾਂ ਹੀ ਕੁੱਝ ਮੰਗਾਂ ਮੰਨੀਆਂ ਗਈਆਂ ਸੀ, ਉਨ੍ਹਾਂ ਮੰਗਾਂ ਵਿੱਚੋਂ 7 ਮੰਗਾਂ ਰਹਿ ਗਈਆਂ ਸਨ ਤੇ ਉਨ੍ਹਾਂ 7 ਵਿੱਚੋਂ 4 ਮੰਗਾਂ ਜਿਵੇਂ ਮਿੱਡ-ਡੇ ਮੀਲ ਕੁੱਕਾਂ ਦੀ ਤਨਖਾਹ 7500 ਕਰਨਾ, ਮੈਨੇਜਮੈਂਟ ਕਮੇਟੀ ਨੂੰ ਖਤਮ ਕਰਨਾ ਤੇ ਅਚਨਚੇਤ ਛੁੱਟੀ ਨੂੰ ਇੰਨ-ਬਿੰਨ ਲਾਗੂ ਕਰਨਾ, ਨੂੰ ਜਨਰਲ ਮੈਨੇਜਰ ਪੰਜਾਬ ਮਿੱਡ-ਡੇ ਮੀਲ ਵਰਿੰਦਰ ਸਿੰਘ ਬਰੜ ਦੀ ਮਿਹਨਤ ਸਦਕਾ ਮੰਤਰੀ ਜੀ ਨੇ ਲਾਗੂ ਕਰਦੇ ਹੋਏ ਕਿਹਾ ਕਿ ਜੂਨ ਮਹੀਨੇ ਵਿੱਚ ਤਨਖਾਹ 'ਚ ਵਾਧਾ ਕਰ ਦਿੱਤਾ ਜਾਵੇਗਾ, ਮਨੇਜਮੈਂਟ ਕਮੇਟੀ ਨੂੰ ਸਿਰਫ ਸੁਝਾਅ ਰੱਖਣ ਦੇ ਹੀ ਅਧਿਕਾਰ ਹੋਣਗੇ। ਕੁੱਕ ਨੂੰ ਹਟਾਉਣ ਦਾ ਅਧਿਕਾਰ ਮਹਿਕਮੇ ਦੇ ਉੱਚ ਅਧਿਕਾਰੀ ਨੂੰ ਦਿੱਤਾ ਜਾਵੇਗਾ। ਅਚਨਚੇਤ ਛੁੱਟੀ ਵਾਲੇ ਦਿਨ ਬਦਲਵਾਂ ਪ੍ਰਬੰਧ ਜੋ ਕੀਤਾ ਜਾਂਦਾ ਹੈ, ਉਸ ਦਿਨ ਕੁੱਕਾਂ ਦੀ ਤਨਖਾਹ ਮੁਤਾਬਕ ਭੁਗਤਾਨ ਕੀਤਾ ਜਾਵੇਗਾ। ਜਥੇਬੰਦੀ ਨੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦਾ ਧੰਨਵਾਦ ਕੀਤਾ ਹੈ।

ਕਾਤਰਾਂ

ਬਾਰ੍ਹਵੀਂ ਜਮਾਤ ਦੇ ਨਤੀਜੇ 'ਚ ਅੱਵਲ ਰਹਿਣ ਵਾਲੀ ਯਸ਼ਿਕਾ ਸਨਮਾਨਤ

ਬਾਘਾਪੁਰਾਣਾ (ਮਨੀ ਸਿੰਗਲਾ) ਸੀ.ਬੀ.ਐਸ.ਸੀ ਬੋਰਡ ਵੱਲੋਂ ਐਲਾਨੇ ਬਾਰ੍ਹਵੀਂ ਜਮਾਤ ਦੇ ਨਤੀਜੇ 'ਚ ਯਸ਼ਿਕਾ ਗਰਗ ਪੁੱਤਰੀ ਬਿਮਲ ਗਰਗ ਨੇ ਜ਼ਿਲ੍ਹਾ ਮੋਗਾ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ 'ਤੇ ਸ਼੍ਰੀ ਰਾਮ ਲੀਲਾ ਉਤਸਵ ਕਮੇਟੀ ਦੇ ਪ੍ਰਧਾਨ ਦੀਪਕ ਗਰਗ ਬੌਬੀ ਤੇ ਚੇਅਰਮੈਨ ਰੌਸ਼ਨ ਲਾਲ ਰੋਸ਼ੀ, ਪ੍ਰਧਾਨ ਵਿਜੇ ਸ਼ਰਮਾ, ਮਨੋਜ ਕੁਮਾਰ, ਰਾਕੇਸ਼ ਜਿੰਦਲ ਤੋਤਾ, ਨਰੇਸ਼ ਜੈਦਕਾ, ਲਖਵਿੰਦਰ ਲੱਖਾ ਆੜ੍ਹਤੀ ਵੱਲੋਂ ਸਨਮਾਨਤ ਕੀਤਾ ਗਿਆ ਤੇ ਪਰਿਵਾਰ ਨੂੰ ਵਧਾਈ ਦਿੱਤੀ ਗਈ। ਇਸ ਮੌਕੇ ਰੌਸ਼ਨ ਲਾਲ ਰੋਸ਼ੀ, ਪ੍ਰਧਾਨ ਵਿਜੇ ਸ਼ਰਮਾ ਨੇ ਕਿਹਾ ਕਿ ਯਸ਼ਿਕਾ ਨੇ ਪੜ੍ਹਾਈ 'ਚ ਦਿਨ-ਰਾਤ ਮਿਹਨਤ ਕੀਤੀ ਅਤੇ ਮਿਹਨਤ ਕਰਕੇ ਮਾਤਾ-ਪਿਤਾ ਤੇ ਸ਼ਹਿਰ ਦਾ ਨਾਂਅ ਰੌਸ਼ਨ ਕੀਤਾ। ਇਸ ਮੌਕੇ ਬਿਮਲ ਗਰਗ ਨੇ ਸ਼੍ਰੀ ਰਾਮ ਲੀਲਾ ਉਤਸਵ ਕਮੇਟੀ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ।

ਰੋਜ਼ਗਾਰ ਮੇਲਾ 7 ਨੂੰ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਡਾਇਰੈਕਟਰ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਤੇ ਸਿਖਲਾਈ ਵਿਭਾਗ ਪੰਜਾਬ, ਚੰਡੀਗੜ੍ਹ ਦੇ ਆਦੇਸ਼ਾਂ ਅਨੁਸਾਰ 7 ਜੂਨ 2023 ਨੂੰ ਪੰਜਾਬ ਰਾਜ ਦੇ ਹਰ ਜ਼ਿਲ੍ਹੇ ਵਿੱਚ ਰੋਜ਼ਗਾਰ ਮੇਲਾ ਲਗਾਇਆ ਜਾਣਾ ਹੈ।ਇਸ ਸਬੰਧੀ ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਤੇ ਸਿਖਲਾਈ ਅਫਸਰ ਹਰਮੇਸ਼ ਕੁਮਾਰ ਨੇ ਦੱਸਿਆ ਕਿ ਫਿਰੋਜ਼ਪੁਰ ਵਿਚ ਇਹ ਰੋਜ਼ਗਾਰ ਮੇਲਾ 7 ਜੂਨ ਨੂੰ ਸਰਕਾਰੀ ਆਈ ਟੀ ਆਈ (ਲੜਕੇ) ਫਿਰੋਜ਼ਪੁਰ ਸ਼ਹਿਰ ਵਿਖੇ ਲਗਾਇਆ ਜਾਣਾ ਹੈ।ਇਸ ਮੇਲੇ ਵਿੱਚ ਦਸਵੀਂ, ਬਾਰਵੀਂ, ਗ੍ਰੈਜੂਏਟ ਪਾਸ ਲੜਕੇ-ਲੜਕੀਆਂ ਭਾਗ ਲੈ ਸਕਦੇ ਹਨ।ਚਾਹਵਾਨ ਪ੍ਰਾਰਥੀ ਆਪਣੀ ਪੜ੍ਹਾਈ ਦੇ ਸਰਟੀਫਿਕੇਟ, ਅਧਾਰ ਕਾਰਡ, ਰਜ਼ਿਊਮ ਆਦਿ ਲੈ ਕੇ ਉਕਤ ਦਰਸਾਈ ਮਿਤੀ ਅਨੁਸਾਰ ਕੈਂਪ ਵਿੱਚ ਭਾਗ ਲੈ ਸਕਦੇ ਹਨ।ਇੰਟਰਵਿਊ ਦਾ ਸਮਾਂ ਸਵੇਰੇ 9 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ ਦਾ ਰੱਖਿਆ ਗਿਆ ਹੈ।

ਮੈਕਸ ਸਕੂਲ 'ਚ ਮਲੇਰੀਆ ਦੇ ਬਚਾਅ ਲਈ ਸੈਮੀਨਾਰ

ਸਮਰਾਲਾ (ਸੁਰਜੀਤ ਸਿੰਘ)-ਮੈਕਸ ਆਰਥਰ ਮੈਕਾਲਿਫ ਪਬਲਿਕ ਸਕੂਲ ਵਿੱਚ ਸਿਵਲ ਹਸਪਤਾਲ ਸਮਰਾਲਾ ਵੱਲੋਂ ਨਵਾਂ ਨਰੋਆ ਪੰਜਾਬ ਅਧੀਨ ਜ਼ੀਰੋ ਮਲੇਰੀਆ ਦੇ ਟੀਚੇ ਵੱਲ ਵਧਦੇ ਕਦਮ ਦੇ ਅਧਾਰਤ ਪ੍ਰਦੀਪ ਕੁਮਾਰ ਦੁਆਰਾ ਸੈਮੀਨਾਰ ਕੀਤਾ ਗਿਆ, ਜਿਸ ਵਿੱਚ ਨੌਵੀਂ ਜਮਾਤ ਤੋਂ ਬਾਰਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਭਾਗ ਲਿਆ। ਪ੍ਰਦੀਪ ਕੁਮਾਰ ਨੇ ਮਲੇਰੀਆ ਬੁਖਾਰ ਦੇ ਲੱਛਣ ਤੇ ਇਸ ਤੋਂ ਬਚਾਓ ਲਈ ਜਾਣਕਾਰੀ ਬੱਚਿਆਂ ਤੇ ਸਟਾਫ ਨਾਲ ਸਾਂਝੀ ਕਰਕੇ ਉਨ੍ਹਾਂ ਇਸ ਬੁਖਾਰ ਤੋਂ ਬਚਣ ਲਈ ਜਾਗਰੂਕ ਕੀਤਾ। ਉਨ੍ਹਾ ਦੱਸਿਆ ਕਿ ਮਲੇਰੀਆ ਦਾ ਟੈਸਟ ਤੇ ਇਸ ਦਾ ਇਲਾਜ ਸਿਹਤ ਵਿਭਾਗ ਦੇ ਸਾਰੇ ਹਸਪਤਾਲਾਂ ਵਿੱਚ ਮੁਫਤ ਕੀਤਾ ਜਾਂਦਾ ਹੈ।

ਜਬਰ-ਜ਼ਨਾਹ ਦੇ ਮਾਮਲੇ 'ਚ ਪਿਓ ਨੂੰ 20 ਸਾਲ ਦੀ ਕੈਦ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਫ਼ਿਰੋਜ਼ਪੁਰ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਰਾਜਵਿੰਦਰ ਕੌਰ ਦੀ ਅਦਾਲਤ ਨੇ ਪਹਿਲੀ ਜਮਾਤ ਵਿੱਚ ਪੜ੍ਹਦੀ ਆਪਣੀ ਬਾਲੜੀ ਧੀ ਨਾਲ ਜਬਰ-ਜ਼ਨਾਹ ਕਰਨ ਵਾਲੇ ਪਿਓ ਨੂੰ ਭੁਗਤੀਆਂ ਗਵਾਹੀਆਂ ਦੇ ਆਧਾਰ 'ਤੇ 20 ਸਾਲ ਕੈਦ ਦੀ ਸਜ਼ਾ ਦਾ ਹੁਕਮ ਸੁਣਾਇਆ ਹੈ। ਜਾਣਕਾਰੀ ਅਨੁਸਾਰ ਇਹ ਸ਼ਰਮਨਾਕ ਘਟਨਾ ਕਸਬਾ ਜ਼ੀਰਾ ਅਧੀਨ ਵਾਪਰੀ ਸੀ, ਜਿਸ ਸੰਬੰਧੀ ਜਬਰ-ਜ਼ਨਾਹ ਦੀ ਸ਼ਿਕਾਰ ਬਾਲੜੀ ਦੀ ਮਾਂ ਵੱਲੋਂ ਦਰਜ ਕਰਵਾਏ ਬਿਆਨਾਂ ਤਹਿਤ ਪੁਲਸ ਵੱਲੋਂ 7 ਸਤੰਬਰ 2022 ਨੂੰ ਦਰਜ ਮਾਮਲੇ ਵਿੱਚ 'ਚ ਭੁਗਤੀਆਂ ਗਵਾਹੀਆਂ ਨੂੰ ਵੇਖਦੇ ਹੋਏ ਜੱਜ ਰਾਜਵਿੰਦਰ ਕੌਰ ਨੇ ਸ਼ਰਮਨਾਕ ਹਰਕਤ ਕਰਨ ਵਾਲੇ ਦੋਸ਼ੀ ਜੁਗਰਾਜ ਸਿੰਘ ਨੂੰ 20 ਸਾਲ ਕੈਦ ਤੇ 50 ਹਜ਼ਾਰ ਰੁਪਏ ਨਗਦ ਜੁਰਮਾਨੇ ਦੀ ਸਜ਼ਾ ਦਾ ਹੁਕਮ ਸੁਣਾਇਆ। ਜੱਜ ਵੱਲੋਂ ਲੜਕੀ ਦੇ ਬਿਹਤਰ ਭਵਿੱਖ ਲਈ ਡੇਢ ਲੱਖ ਰੁਪਏ ਬਤੌਰ ਮਾਲੀ ਮੁਆਵਜ਼

page-6-3-(JUNE)-2023-G-(BV).qxd 6/2/2023 10:36 PM Page 1

ਪਿੰਡਾਂ 'ਚ ਖੇਡ ਮੈਦਾਨ 31 ਜੁਲਾਈ ਤੱਕ ਮੁਕੰਮਲ ਕਰਨ ਦੀ ਡੀਸੀ ਵੱਲੋਂ ਹਦਾਇਤ ਜਾਰੀ

ਗੁਰਦਾਸਪੁਰ (ਜਨਕ ਮਹਾਜਨ)- ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਜ਼ਿਲ੍ਹੇ ਦੇ ਉਲੰਪੀਅਨ ਖਿਡਾਰੀਆਂ ਦੇ ਪਿੰਡਾਂ ਵਿੱਚ ਉਨ੍ਹਾਂ ਨੂੰ ਸਮਰਪਿਤ ਬਣਾਏ ਜਾ ਰਹੇ ਖੇਡ ਮੈਦਾਨਾਂ ਨੂੰ 31 ਜੁਲਾਈ ਤੱਕ ਮੁਕੰਮਲ ਕੀਤਾ ਜਾਵੇ।

ਸਥਾਨਕ ਪੰਚਾਇਤ ਭਵਨ ਵਿਖੇ ਪੰਚਾਇਤ ਵਿਭਾਗ, ਖੇਡ ਵਿਭਾਗ ਅਤੇ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਇਨ੍ਹਾਂ ਖੇਡਾਂ ਮੈਦਾਨ ਨੂੰ ਪਹਿਲ ਦੇ ਅਧਾਰ 'ਤੇ ਮੁਕੰਮਲ ਕੀਤਾ ਜਾਵੇ ਤਾਂ ਜੋ ਨੌਜਵਾਨ ਪੀੜ੍ਹੀ ਨੂੰ ਖੇਡਾਂ ਨਾਲ ਜੋੜਿਆ ਜਾ ਸਕੇ।

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਦੇ ਖਿਡਾਰੀਆਂ ਨੇ ਖੇਡਾਂ ਵਿੱਚ ਵੱਡੀਆਂ ਪ੍ਰਾਪਤੀਆਂ ਹਾਸਲ ਕੀਤੀਆਂ ਹਨ ਅਤੇ ਜ਼ਿਲ੍ਹੇ ਦੇ 13 ਖਿਡਾਰੀਆਂ ਨੇ ਉਲੰਪਿਕ ਖੇਡਾਂ ਵਿੱਚ ਭਾਗ ਲਿਆ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਉਲੰਪੀਅਨ ਖਿਡਾਰੀਆਂ ਵਿੱਚ ਪਿੰਡ ਮੀਕੇ ਨਾਲ ਸਬੰਧਤ ਹਾਕੀ ਖਿਡਾਰੀ ਰਮਨਦੀਪ ਸਿੰਘ, ਪਿੰਡ ਮਸਾਣੀਆਂ ਦੇ ਹਾਕੀ ਖਿਡਾਰੀ ਪ੍ਰਭਜੋਤ ਸਿੰਘ, ਪਿੰਡ ਚਾਹਲ ਕਲਾਂ ਦੇ ਹਾਕੀ ਖਿਡਾਰੀ ਸਿਮਰਨਜੀਤ ਸਿੰਘ, ਪਿੰਡ ਕੋਠੇ ਘੁਰਾਲਾ ਦੇ ਜੁਡੋ ਖਿਡਾਰੀ ਅਵਤਾਰ ਸਿੰਘ, ਪਿੰਡ ਹਵੇਲੀ ਚੋਬਦਾਰ ਦੀ ਅਥਲੀਟ ਮਨਜੀਤ ਕੌਰ, ਪਿੰਡ ਮਰੜ ਦੇ ਹਾਕੀ ਖਿਡਾਰੀ ਸਰਵਣਜੀਤ ਸਿੰਘ ਅਤੇ ਥ੍ਰਿਗੇਡੀਅਰ ਹਰਚਰਨ ਸਿੰਘ ਬੋਪਾਰਾਏ, ਪਿੰਡ ਦਾਖਲਾ ਦੇ ਹਾਕੀ ਖਿਡਾਰੀ ਸਵਰਗਵਾਸੀ ਸੁਰਜੀਤ ਸਿੰਘ ਰੰਧਾਵਾ, ਉਮਰਪੁਰਾ (ਬਟਾਲਾ) ਦੇ ਬਾਸਕਟਬਾਲ ਖਿਡਾਰੀ ਪਰਮਦੀਪ ਸਿੰਘ ਤੇਜਾ, ਬਟਾਲਾ ਦੇ ਹਾਕੀ ਖਿਡਾਰੀ ਸੁਖਜੀਤ ਸਿੰਘ ਚੀਮਾ, ਬਟਾਲਾ ਦੇ ਹਾਕੀ ਖਿਡਾਰੀ ਮੁਖਬੈਨ ਸਿੰਘ, ਪਿੰਡ ਘੁਰਾਲਾ ਦੇ ਸ਼ਾਟਪੁੱਟ ਅਥਲੀਟ ਬਲਵਿੰਦਰ ਸਿੰਘ ਧਾਲੀਵਾਲ ਅਤੇ ਪਿੰਡ ਕੰਡੀਲਾ ਦੇ ਹਾਈਜੰਪ ਅਥਲੀਟ ਅਜੀਤ ਸਿੰਘ ਭੁੱਲਰ ਦੇ ਨਾਮ ਸ਼ਾਮਲ ਹਨ। ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਨਿਧੀ ਕੁਮੁਦ ਬਾਮਬਾ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਮਨਮੋਹਨ ਸਿੰਘ, ਸਹਾਇਕ ਕਮਿਸ਼ਨਰ (ਜ) ਸਚਿਨ ਪਾਠਕ, ਡੀਡੀਪੀਓ ਸਤੀਸ਼ ਕੁਮਾਰ, ਜ਼ਿਲ੍ਹਾ ਖੇਡ ਅਫ਼ਸਰ ਸੁਖਚੈਨ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

ਦੋਆਬਾ ਸਾਹਿਤ ਤੇ ਸਮਾਜਿਕ ਕੇਂਦਰ ਵਲੋਂ ਫਰੀ ਮੈਡੀਕਲ ਕੈਂਪ ਭਲਕੇ

ਫਗਵਾੜਾ (ਡਾ. ਰਮਨ, ਢੱਡਾ) ਦੋਆਬਾ ਸਾਹਿਤ ਅਤੇ ਸਮਾਜਿਕ ਕੇਂਦਰ ਫਗਵਾੜਾ ਵਲੋਂ ਫਰੀ ਮੈਡੀਕਲ ਚੈਕਅੱਪ ਕੈਂਪ 4 ਜੂਨ ਦਿਨ ਐਤਵਾਰ ਨੂੰ ਧਰਮਸ਼ਾਲਾ ਸ੍ਰੀ ਗੁਰੂ ਰਵਿਦਾਸ ਜੀ ਤਾਕੀ ਮੁਹੱਲਾ ਮੇਹਲੀ ਗੇਟ ਫਗਵਾੜਾ ਵਿਖੇ ਲਗਾਇਆ ਜਾ ਰਿਹਾ ਹੈ। ਕੇਂਦਰ ਦੇ ਪ੍ਰਧਾਨ ਰਵਿੰਦਰ ਸਿੰਘ ਰਾਏ ਨੇ ਦੱਸਿਆ ਕਿ ਸਵੇਰੇ 8 ਤੋਂ 10.30 ਵਜੇ ਤੱਕ ਲਗਾਏ ਜਾ ਰਹੇ ਫਰੀ ਮੈਡੀਕਲ ਕੈਂਪ ਦਾ ਉਦਘਾਟਨ ਸਮਾਜ ਸੇਵਿਕਾ ਅਨੀਤਾ ਸੋਮ ਪ੍ਰਕਾਸ਼ ਵਲੋਂ ਕੀਤਾ ਜਾਵੇਗਾ। ਕੈਂਪ ਦੌਰਾਨ ਡਾ. ਹਰਨੀਤ ਕੌਰ (ਐਮ.ਬੀ.ਬੀ.ਐਸ.), ਡਾ. ਜੀਵਨ ਜਯੋਤੀ (ਬੀ.ਡੀ.ਐਸ.) ਤੋਂ ਇਲਾਵਾ ਡਾ. ਐਸ.ਪੀ. ਮਾਨ, ਡਾ. ਅਸ਼ੋਕ ਸਾਗਰ ਦੀ ਦੇਖਰੇਖ 'ਚ ਮੈਡੀਕਲ ਟੀਮ ਵਲੋਂ ਲੋੜਵੰਦ ਮਰੀਜਾਂ ਦੀਆਂ ਵੱਖ ਵੱਖ ਬਿਮਾਰੀਆਂ ਦਾ ਚੈੱਕਅਪ ਕੀਤਾ ਜਾਵੇਗਾ ਅਤੇ ਕੇ.ਐਸ.ਕੇ. ਲੈਬਾਰਟਰੀ ਸੁਖਚੈਨ ਰੋਡ ਤੋਂ ਜਤਿੰਦਰ ਮਦਾਨ ਲੋੜਵੰਦ ਮਰੀਜਾਂ ਦੇ ਟੈਸਟ ਕਰਨਗੇ। ਲੋੜਵੰਦ ਮਰੀਜਾਂ ਨੂੰ ਸਿਹਤ ਦੀ ਸੰਭਾਲ ਸਬੰਧੀ ਜਰੂਰੀ ਹਦਾਇਤਾਂ ਤੋਂ ਇਲਾਵਾ ਫਰੀ ਦਵਾਈਆਂ ਵੀ ਦਿੱਤੀਆਂ ਜਾਣਗੀਆਂ। ਇਸ ਮੌਕੇ ਕੇਂਦਰ ਦੇ ਮੀਤ ਪ੍ਰਧਾਨ ਬਲਬੀਰ ਸਿੰਘ, ਮੀਤ ਪ੍ਰਧਾਨ ਗੁਰਨਾਮ ਸਿੰਘ, ਪੀ.ਆਰ.ਓ. ਓਮ ਪ੍ਰਕਾਸ਼ ਪਾਲ ਤੋਂ ਇਲਾਵਾ ਪ੍ਰੈਸ ਸਕੱਤਰ ਲਵਪ੍ਰੀਤ ਸਿੰਘ ਰਾਏ ਆਦਿ ਹਾਜਰ ਸਨ।

Criminal Courts, Ludhiana

In the Court of Ms. Prabha Prashar
Judicial Magistrate-Ist Class
Ludhiana.
CNR No. PBLD030237472019
Peshi : 10.7.2023
Publication Notice for proclamation under section 82 CR.PC.
Gulshan Kumar
Versus
Ravi

Petition U/S 138 of Negotiable Instruments Act 1881 Amended upto date

Notice to : 1. Ravi Proprietor of M/S Kurukshetra Fresh Fashion, VD Bhankar, H.No. 771, Sector-3, Urban Estate, Kurukshetra-136118 2. Ravi M/S Kurukshetra Fresh Fashion, VD Bhankar, H.No. 771, Sector-3, Urban Estate, Kurukshetra-136118 through its proprietor

Whereas it has been proved to the satisfaction of the Court that the accused above named can't be served in the ordinary way of service. Hence this proclamation under section 82 CRPC is hereby issued against him/them and should appear personally or through their counsel on 10.7.2023 at 10.00 a.m.

Take notice that, in default of his/their appearance on the day before mentioned the above said case will be heard and determined in his/their absence.

Given under my hand and the seal of the Court

For details logon to : https://highcourtchd.gov.in/?trs=district notice& district= ludhiana

Judicial Magistrate-Ist Class
Ludhiana.

Criminal Courts, Ludhiana

In the Court of Ms. Prabha Prashar
Judicial Magistrate-Ist Class
Ludhiana.
CNR No. PBLD030222282018
Peshi : 10.7.2023
Publication Notice for proclamation under section 82 CR.PC.
Reliance Home Finance Ltd
Versus
Yuvraj Sikka

Petition U/S 138 of Negotiable Instruments Act 1881 Amended upto date

Notice to : 1. Yuvraj Sikka R/o H.No. 656, Guru Teg Bahadur Nagar, Jalandhar 2. Sanjay Overseas Shop No. 10E-22, Industrial Area, Jalandhar through its Authorized Signatory/Prop./Partner/MD.

Whereas it has been proved to the satisfaction of the Court that the accused above named can't be served in the ordinary way of service. Hence this proclamation under 82 CRPC is hereby issued against him/them and should appear personally or through their counsel on 10.7.2023 at 10.00 a.m.

Take notice that, in default of his/their appearance on the day before mentioned the above said case will be heard and determined in his/their absence.

Given under my hand and the seal of the Court

For details logon to : https://highcourtchd.gov.in/?trs=district notice& district= ludhiana

Judicial Magistrate-Ist Class
Ludhiana.

Capital Small Finance Bank Ltd.
HO:- MIDAS Corporate Park, 3rd Floor, 37, G.T. Road, Jalandhar-144001, Punjab, India

ਕਬਜ਼ਾ ਨੋਟਿਸ (ਚੱਲ/ਅਚੱਲ ਜਾਇਦਾਦ ਲਈ)

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ, 2002 (54 ਆਫ 2002) ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਸੈਕਸ਼ਨ 13 (12) ਨਾਲ ਪੜ੍ਹੇ ਜਾਂਦੇ ਨਿਯਮ 9 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ (1) ਮੈਸਰਜ਼ ਪੰਡਤ ਸ਼ੇਖਰ ਚੰਦ ਕੁਲਦੀਪ ਕੁਮਾਰ ਮੇਨ ਮੰਡੀ ਵਿਖੇ ਸਥਿਤ ਪਲਾਟ ਨੰ: 69, ਦਾਣਾ ਮੰਡੀ ਜ਼ੀਰਾ, ਫਿਰੋਜ਼ਪੁਰ ਰਾਹੀਂ ਇਸ ਦੇ ਮਾਲਕ (2) ਮਿਸਿਜ਼ ਰਮਾ ਰਾਣੀ ਪਤਨੀ ਕੁਲਦੀਪ ਕੁਮਾਰ ਵਾਸੀ ਵਾਰਡ ਨੰ: 7, ਬਾਬੇ ਵਾਲੀ ਗਲੀ, ਜੈਨ ਮੁਹੱਲਾ, ਜ਼ੀਰਾ ਫਿਰੋਜ਼ਪੁਰ-142047 (ਇਸ ਤੋਂ ਬਾਅਦ 'ਕਰਜ਼ਦਾਰ' ਵਜੋਂ ਹਵਾਲਾ) ਅਤੇ ਗਰੰਟਰ (3) ਸ੍ਰੀ ਗਗਨਦੀਪ ਪੁੱਤਰ ਕੁਲਦੀਪ ਕੁਮਾਰ ਵਾਸੀ ਵਾਰਡ ਨੰ: 7, ਬਾਬੇ ਵਾਲੀ ਗਲੀ, ਜੈਨ ਮੁਹੱਲਾ, ਜ਼ੀਰਾ, ਫਿਰੋਜ਼ਪੁਰ-142047 (4) ਰਣਜੀਤ ਸਿੰਘ ਪੁੱਤਰ ਜਗਦੀਸ਼ ਸਿੰਘ ਵਾਸੀ ਬਹਿਕ ਪਸਾਰੀਆਂ, ਬਹਿਕ ਗੁੱਜਰਾਂ, ਫਿਰੋਜ਼ਪੁਰ-142044 (ਇਸ ਤੋਂ ਬਾਅਦ 'ਗਰੰਟਰ' ਵਜੋਂ ਹਵਾਲਾ) ਨੂੰ ਨੋਟਿਸ 'ਚ ਦੱਸੀ ਸੀ ਸੀ ਲਿਮਟ 'ਚ 15,66,998.10 ਰੁਪਏ ਬਕਾਇਆ ਰਕਮ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਾਉਣ ਲਈ 13.3.2023 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਿਹਾ ਹੈ, ਇਸ ਲਈ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਸੈਕਸ਼ਨ 13 (4) ਨਾਲ ਪੜ੍ਹੇ ਜਾਂਦੇ ਨਿਯਮ 9 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਸੀ ਸੀ ਲਿਮਟ 'ਚ 15,66,998.10 ਰੁਪਏ ਕਰਜ਼ਾ ਖਾਤਾ ਵਿੱਚ ਬਕਾਇਆ ਰਕਮ ਮਿਤੀ 01.03.2023 ਤੋਂ ਵਿਆਜ ਸਮੇਤ ਵਸੂਲੀ ਜਾਵੇਗੀ।

ਅਚੱਲ ਜਾਇਦਾਦ ਦਾ ਵੇਰਵਾ

ਪ੍ਰਾਇਮਰੀ ਸਕਿਉਰਿਟੀ : ਬੁੱਕ ਡੈਬਟਸ ਦੀ ਹਾਇਪੋਥੈਕੇਸ਼ਨ ਕੁਲੈਟਰਲ ਸਕਿਉਰਿਟੀ : ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਸ੍ਰੀਮਤੀ ਰਮਾ ਰਾਣੀ ਪਤਨੀ ਕੁਲਦੀਪ ਕੁਮਾਰ ਦੇ ਨਾਂਅ ਜਾਇਦਾਦ ਪੈਮਾਇਸ਼ 4 ਮਰਲੇ 6 ਸਰਸਾਹੀ ਵਾਕਿਆ ਵਾਰਡ ਨੰ: 7, ਜਾਇਦਾਦ ਨੰ: 252, ਜ਼ੀਰਾ, ਤਹਿ: ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਸਥਿਤ ਨਾਲ ਸੰਬੰਧਤ ਸਭ ਕੁਝ। ਤਬਾਦਲਾ ਡੀਡ ਦਾ ਵਸੀਕਾ ਨੰ: 4092 ਮਿਤੀ 9.1.2013

ਮਿਤੀ : 1.6.2023 ਸਥਾਨ : ਜ਼ੀਰਾ (ਅਧਿਕਾਰਤ ਅਫਸਰ)

Capital Small Finance Bank Ltd.
HO:- MIDAS Corporate Park, 3rd Floor, 37, G.T. Road, Jalandhar-144001, Punjab, India

ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ, 2002 (54 ਆਫ 2002) ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਸੈਕਸ਼ਨ 13 (12) ਨਾਲ ਪੜ੍ਹੇ ਜਾਂਦੇ ਨਿਯਮ 9 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ (1) ਸ੍ਰੀ ਦਵਿੰਦਰ ਪੁੱਤਰ ਸ਼ਿਵ ਸ਼ੰਕਰ ਵਾਸੀ ਨੌਰੰਗ ਕੇ ਸਿਆਲ, ਫਿਰੋਜ਼ਪੁਰ, ਪੰਜਾਬ-152003 (2) ਸ੍ਰੀਮਤੀ ਪੂਜਾ ਰਾਣੀ ਪਤਨੀ ਦਵਿੰਦਰ ਵਾਸੀ ਨੌਰੰਗ ਕੇ ਸਿਆਲ, ਫਿਰੋਜ਼ਪੁਰ, ਪੰਜਾਬ-152003 (ਇਸ ਤੋਂ ਬਾਅਦ 'ਕਰਜ਼ਦਾਰ' ਵਜੋਂ ਹਵਾਲਾ) ਅਤੇ ਗਰੰਟਰ (3) ਸ੍ਰੀ ਵਿਦਿਆ ਸ਼ੰਕਰ ਭਾਰਤੀ ਪੁੱਤਰ ਹਰਸ਼ ਨਾਥ ਭਾਰਤੀ ਵਾਸੀ 247, ਨੌਰੰਗ ਕੇ ਸਿਆਲ, ਫਿਰੋਜ਼ਪੁਰ, ਪੰਜਾਬ-152003 (ਇਸ ਤੋਂ ਬਾਅਦ 'ਗਰੰਟਰ' ਵਜੋਂ ਹਵਾਲਾ) ਨੂੰ ਨੋਟਿਸ 'ਚ ਦੱਸੀ ਜਾਇਦਾਦ ਦੇ ਲੋਨ ਦੀ ਰਕਮ ਰੁਪਏ 9,84,400.10 ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਾਉਣ ਲਈ 4.1.2023 ਨੂੰ ਡਿਮਾਂਡ ਨੋਟਿਸ ਜਾਰੀ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਿਹਾ ਹੈ, ਇਸ ਲਈ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਸੈਕਸ਼ਨ 13 (4) ਨਾਲ ਪੜ੍ਹੇ ਜਾਂਦੇ ਨਿਯਮ 9 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਸੀ ਸੀ ਲਿਮਟ ਦੇ 9,84,400.10/- ਰੁਪਏ ਬਾਕਾਇਆ ਕਰਜ਼ਾ ਖਾਤਾ ਵਿੱਚ ਬਕਾਇਆ ਰਕਮ ਮਿਤੀ 01.01.2023 ਤੋਂ ਵਿਆਜ ਸਮੇਤ ਵਸੂਲੀ ਜਾਵੇਗੀ।

ਅਚੱਲ ਜਾਇਦਾਦ ਦਾ ਵੇਰਵਾ

ਅਚੱਲ ਜਾਇਦਾਦ ਦਾ ਗਿਰਵੀਨਾਮਾ : ਦਵਿੰਦਰ ਪੁੱਤਰ ਸ਼ਿਵ ਸ਼ੰਕਰ ਦੀ ਮਾਲਕੀ ਵਾਲੀ ਜਾਇਦਾਦ ਪੈਮਾਇਸ਼ 3 ਮਰਲੇ 1 ਸਰਸਾਈ ਵਾਕਿਆ ਪਿੰਡ ਨੌਰੰਗ ਕੇ ਸਿਆਲ, ਤਹਿ: ਅਤੇ ਜ਼ਿਲ੍ਹਾ ਫਿਰੋਜ਼ਪੁਰ 'ਚ ਸਥਿਤ ਨਾਲ ਸੰਬੰਧਤ ਸਭ ਕੁਝ। ਵਿਕਰੀ ਡੀਡ ਦਸਤਾਵੇਜ਼ ਨੰ: 2018-19/116/555 ਮਿਤੀ 11.6.2018

ਮਿਤੀ : 1.6.2023 ਸਥਾਨ : ਨੌਰੰਗ ਕੇ ਸਿਆਲ (ਅਧਿਕਾਰਤ ਅਫਸਰ)

Public Notice

I, Mandeep Singh Saroya S/o Sh. Amrik Singh Saroya R/o H.No. 272, Mohan Vihar, Rama Mandi, PO Ladhewali, Jalandhar, Punjab, India have changed my name from Mandeep Singh Saroya to Mandeep Singh Parmar and address from H.No. 272, Mohan Vihar, Rama Mandi, PO Ladhewali, Jalandhar, Punjab, India to C/o Harbhajan Singh Parmar R/o House Number 236, Gali No. 2, Ward Number 10, New Joginder Nagar, Rama Mandi, Jalandhar-II, Punjab-144005, India. All concerned please note.

ਬਾ-ਅਦਾਲਤ ਸ੍ਰੀ ਅਜੇ ਕੁਮਾਰ ਨਾਇਬ ਤਹਿਸੀਲਦਾਰ/ਕਾਰਜਕਾਰੀ ਮੈਜਿਸਟਰੇਟ ਅਟਾਰੀ।

ਆਮ ਜਨਤਾ ਨੂੰ ਸੂਚਿਤ ਜਾਂਦਾ ਹੈ ਕਿ ਕੰਪਨੀ ਪਲੈਟੀਨਮ ਕਾਊਂਟੀ ਡਿਵੈਲਪਰਜ਼ ਪ੍ਰਾਈਵੇਟ ਲਿਮਟਿਡ ਰਾਹੀ ਮੈਨੇਜਿੰਗ ਡਾਇਰੈਕਟਰ ਰਾਜਨ ਬੇਦੀ ਪੁਤਰ ਸ੍ਰੀ ਇਕਬਾਲ ਸਿੰਘ ਬੇਦੀ ਜਿਸਦਾ ਆਫਿਸ ਐਸ. ਐਫ. 6 ਨਹਿਰੂ ਸ਼ਾਪਿੰਗ ਕੰਪਲੈਕਸ ਲਾਰੰਸ ਰੋਡ ਅੰਮ੍ਰਿਤਸਰ ਦੀ ਮਲਕੀਅਤ ਜਿਲਾ ਅੰਮ੍ਰਿਤਸਰ ਦੇ ਪਿੰਡ ਖਾਸਾ, ਰਾਮਪੁਰਾ, ਚੱਕ ਮੁਕੰਦ ਆਦਿ ਵਿਚ ਪੈਂਦੀ ਹੈ ਜਿਸਦਾ ਪੈਨ ਕਾਰਡ/ਜੀ. ਐਸ.ਟੀ/ਮੈਮੋਰੰਡਮ ਅਤੇ ਬੈਕ ਅਕਾਊਂਟ ਵਿਚ ਸਿਰਫ ਪਲੈਟੀਨਮ ਕਾਊਂਟੀ ਡਿਵੈਲਪਰਜ਼ ਪ੍ਰਾਈਵੇਟ ਲਿਮਟਿਡ ਹੈ ਅਤੇ ਇਹ ਨਾਮ ਹੀ ਦਰੁਸਤ ਪੜਿਆ ਜਾਵੇ। ਜੇਕਰ ਕਿਸੇ ਨੂੰ ਕੋਈ ਇਤਰਾਜ ਹੋਵੇ ਉਹ 4 ਦਿਨਾਂ ਦੇ ਅੰਦਰ ਅੰਦਰ ਲਿਖਤੀ ਇਤਰਾਜ ਉਪਰੋਕਤ ਅਦਾਲਤ ਵਿਚ ਪੇਸ਼ ਕਰੇ।

ਬਾ-ਅਦਾਲਤ ਸ੍ਰੀ ਅਜੇ ਕੁਮਾਰ ਨਾਇਬ
ਤਹਿਸੀਲਦਾਰ/ਕਾਰਜਕਾਰੀ ਮੈਜਿਸਟਰੇਟ ਅਟਾਰੀ।

ਅਦਾਲਤੀ ਇਸ਼ਤਿਹਾਰ

ਬਾ ਅਦਾਲਤ- ਨਾਇਬ ਤਹਿਸੀਲਦਾਰ ਕਮ-ਸਰਕਲ ਰੈਵੇਨਿਊ ਅਫਸਰ, ਸਬ ਤਹਿ: ਤਰਸਿੱਕਾ ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ।

ਵਿਸ਼ਾ : ਦਰਖਾਸਤ ਬਰਾਏ ਮਾਲ ਰਿਕਾਰਡ ਵਿੱਚ ਨਾਂਅ ਦੀ ਦਰੁੱਸਤੀ ਕਰਨ ਬਾਰੇ।

ਉਪਰੋਕਤ ਵਿਸ਼ੇ 'ਤੇ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਸ਼ਾਮਜੀਤ ਸਿੰਘ ਪੁੱਤਰ ਹਰਭਜਨ ਸਿੰਘ ਪੁੱਤਰ ਦੀਦਾਰ ਸਿੰਘ ਵਾਸੀ ਪਿੰਡ ਤਨੇਲ ਸਬ ਤਹ

3-JUNE-PAGE-7.qxd 6/2/2023 10:30 PM Page 1

ਔਰਤ ਵੱਲੋਂ ਅਬੋਹਰ ਪੁਲਸ ਮੁਲਾਜ਼ਮਾਂ 'ਤੇ ਗੰਭੀਰ ਦੋਸ਼, ਇਨਸਾਫ ਦੀ ਕੀਤੀ ਮੰਗ

ਫਾਜ਼ਿਲਕਾ (ਕ੍ਰਿਸ਼ਨ ਸਿੰਘ)-ਅਬੋਹਰ ਪੁਲਸ 'ਤੇ ਇੱਕ ਔਰਤ ਨਾਲ ਕੁੱਟਮਾਰ ਕਰਨ ਦੇ ਕਥਿਤ ਦੋਸ਼ ਲੱਗੇ ਹਨ। ਪੀੜਤ ਔਰਤ ਨੂੰ ਉਸ ਦੇ ਪਰਿਵਾਰ ਵਾਲਿਆਂ ਵੱਲੋਂ ਜ਼ੇਰੇ ਇਲਾਜ ਸਿਵਿਲ ਹਸਪਤਾਲ ਅਬੋਹਰ ਵਿੱਚ ਦਾਖਲ ਕਰਵਾਇਆ ਗਿਆ ਹੈ। ਪੀੜਤ ਔਰਤ ਸਰਬਜੀਤ ਕੌਰ ਨਿਵਾਸੀ ਸੀਡ ਫਾਰਮ ਪੱਕਾ ਨੇ ਦੱਸਿਆ ਕਿ ਉਸ ਦੇ ਪਤੀ ਦੀ ਮੌਤ ਹੋ ਚੁੱਕੀ ਹੈ ਤੇ ਉਹ ਆਪਣੇ ਲੜਕੇ ਨਾਲ ਘਰ ਵਿੱਚ ਰਹਿੰਦੇ ਹਨ। ਬੀਤੀ ਸ਼ਾਮ ਉਨ੍ਹਾਂ ਦੇ ਘਰ ਕਰੀਬ 10 ਪੁਲਸ ਮੁਲਾਜ਼ਮ ਆਏ, ਜਿਨ੍ਹਾਂ ਨਾਲ ਐੱਸ ਐੱਚ ਓ ਥਾਣਾ ਸਿਟੀ 1 ਅਬੋਹਰ ਵੀ ਮੌਜੂਦ ਸਨ। ਉਸ ਸਮੇਂ ਘਰ ਵਿੱਚ ਉਹ ਤੇ ਉਸ ਦਾ ਲੜਕਾ ਇਕੱਲੇ ਹੀ ਸਨ। ਉਨ੍ਹਾਂ ਨੇ ਉਨ੍ਹਾਂ ਦੇ ਘਰ ਤੇ ਉਸ ਦੀ ਤਲਾਸ਼ੀ ਲੈਣ ਦੀ ਗੱਲ ਕਹੀ। ਪੀੜਤ ਦੇ ਮੁਤਾਬਿਕ ਉਸ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਬੇਸ਼ੱਕ ਉਨ੍ਹਾਂ ਦੇ ਘਰ ਦੀ ਤਲਾਸ਼ੀ ਲੈ ਸਕਦੇ ਹਨ, ਪਰ ਉਸ ਦੀ ਤਲਾਸ਼ੀ ਕੋਈ ਲੇਡੀ ਕਾਂਸਟੇਬਲ ਹੀ ਲੈ ਸਕਦੀ ਹੈ। ਜਦੋਂ ਉਸ ਨੇ ਮੁਲਾਜ਼ਮਾਂ ਨੂੰ ਲੇਡੀਜ਼ ਕਾਂਸਟੇਬਲ ਲੈ ਕੇ ਆਉਣ ਲਈ ਕਿਹਾ ਤਾਂ ਉਹ ਅੱਗੋਂ ਅੱਗ ਬਬੂਲਾ ਹੋ ਗਏ ਤੇ ਉਸ ਨੂੰ ਕਥਿੱਤ ਖਿੱਚ-ਧੂਹ ਕਰਦੇ ਹੋਏ ਜ਼ਬਰਦਸਤੀ ਗੱਡੀ 'ਚ ਬਿਠਾ ਲਿਆ। ਪੀੜਤ ਔਰਤ ਮੁਤਾਬਿਕ ਇਸ ਤੋਂ ਬਾਅਦ

ਉਹ ਉਸ ਨੂੰ ਥਾਣਾ ਸਿਟੀ 1 ਲੈ ਕੇ ਜਾਣ ਦੀ ਬਜਾਏ ਉੱਥੇ ਕਵਾਰਟਰ ਵਿੱਚ ਲੈ ਕੇ ਗਏ। ਇਸ ਤੋਂ ਬਾਅਦ ਉਨ੍ਹਾਂ ਨੇ ਉਸ ਨੂੰ ਸੀ ਆਈ ਏ ਸਟਾਫ ਅਬੋਹਰ ਵਿੱਚ ਛੱਡ ਦਿੱਤਾ, ਜਿੱਥੇ ਉਤਰਦਿਆਂ ਸਾਰ ਹੀ ਉਸ ਸਮੇਂ ਸੀ ਆਈ ਏ ਸਟਾਫ 'ਚ ਮੌਜੂਦ ਕੁੱਝ ਮੁਲਾਜ਼ਮਾਂ ਨੇ ਕਥਿਤ ਉਸ ਦੀ ਚੁੰਨੀ ਉਤਾਰ ਕੇ ਸੁੱਟ ਦਿੱਤੀ ਅਤੇ ਉਸ ਨੂੰ ਜ਼ਮੀਨ 'ਤੇ ਸੁੱਟ ਕੇ ਉਸ ਨਾਲ ਮਾਰ-ਕੁੱਟ ਕਰਨੀ ਸ਼ੁਰੂ ਕਰ ਦਿੱਤੀ। ਪੀੜਤ ਦਾ ਕਹਿਣਾ ਹੈ ਕਿ ਉਹ ਨਸ਼ੇ ਦਾ ਕੋਈ ਕਾਰੋਬਾਰ ਨਹੀਂ ਕਰਦੇ ਤੇ ਆਪਣੀ ਜ਼ਮੀਨ 'ਤੇ ਖੇਤੀਬਾੜੀ ਕਰਕੇ ਆਪਣਾ ਗੁਜ਼ਾਰਾ ਕਰਦੇ ਹਨ। ਉਸ ਦੇ ਮੁਤਾਬਿਕ ਪੁਲਸ ਮੁਲਾਜ਼ਮ ਕਿਸੇ ਗਲਤ ਫਹਿਮੀ ਵਜੋਂ ਉਨ੍ਹਾਂ ਦੇ ਘਰ ਗਏ ਤੇ ਉਸ ਨਾਲ ਬਹੁਤ ਬੁਰਾ ਵਿਹਾਰ ਕੀਤਾ। ਉਸ ਨੇ ਸੀ ਆਈ ਏ ਸਟਾਫ ਵਿੱਚ ਉਸ ਸਮੇਂ ਮੌਜੂਦ ਕੁੱਝ ਮੁਲਾਜ਼ਮਾਂ 'ਤੇ ਉਸ ਨੂੰ ਕਥਿਤ ਨੰਗਾ ਕਰਕੇ ਉਸ ਨੂੰ ਟਾਰਚਰ ਕਰਨ ਦੇ ਦੋਸ਼ ਵੀ ਲਗਾਏ। ਇਸ ਤੋਂ ਇਲਾਵਾ ਉਸ ਨੇ ਹੋਰ ਵੀ ਕਈ ਤਰ੍ਹਾਂ ਦੇ ਗੰਭੀਰ ਦੋਸ਼ ਲਗਾਏ ਹਨ। ਪੀੜਤਾ ਨੇ ਉਸ ਨਾਲ ਮਾਰਕੁੱਟ ਕਰਨ ਤੇ ਉਸ ਦੀ ਬੇਇੱਜ਼ਤੀ ਤੇ ਉਸ ਨੂੰ ਟਾਰਚਰ ਕਰਨ ਵਾਲੇ ਪੁਲਸ ਮੁਲਾਜ਼ਮਾਂ 'ਤੇ ਬਣਦੀ ਕਾਨੂੰਨੀ ਕਾਰਵਾਈ ਕਰਕੇ ਉਸ ਨੂੰ ਇਨਸਾਫ ਦਿਵਾਉਣ ਦੀ ਮੰਗ ਕੀਤੀ ਹੈ।

ਓਧਰ, ਜਦੋਂ ਇਸ ਬਾਰੇ ਗੱਲਬਾਤ ਕਰਨ ਲਈ ਸਬੰਧਤ ਪੁਲਸ ਅਧਿਕਾਰੀਆਂ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਆਪਣਾ ਪੱਲਾ ਝਾੜਨ ਦੀ ਕੋਸ਼ਿਸ਼ ਕੀਤੀ। ਜਦੋਂ ਸੀ ਆਈ ਏ ਸਟਾਫ ਅਬੋਹਰ ਦੇ ਇੰਚਾਰਜ ਗੁਰਵਿੰਦਰ ਸਿੰਘ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾ ਕਿਹਾ ਕਿ ਉਸ ਨੂੰ ਸਿਟੀ - 1 ਅਬੋਹਰ ਦੇ ਮੁਲਾਜ਼ਮ ਲੈ ਕੇ ਆਏ ਹਨ ਤੇ ਉਨ੍ਹਾਂ ਦਾ ਇਸ ਮਾਮਲੇ ਨਾਲ ਕੋਈ ਵਾਸਤਾ ਨਹੀਂ ਹੈ।

ਇਸ ਲਈ ਸਿਟੀ-1 ਦੇ ਸਬੰਧਤ ਅਧਿਕਾਰੀ ਹੀ ਇਸ ਬਾਰੇ ਸਭ ਕੁੱਝ ਦੱਸ ਸਕਦੇ ਹਨ। ਜਦੋਂ ਸਿਟੀ-1 ਅਬੋਹਰ ਦੇ ਐੱਸ ਐੱਚ ਓ ਨਾਲ ਸੰਪਰਕ ਕੀਤਾ ਗਿਆ ਤਾਂ ਪਹਿਲਾਂ ਤਾਂ ਉਨ੍ਹਾਂ ਵੀ ਟਾਲਮਟੋਲ ਕਰ ਦਿੱਤਾ। ਬਾਅਦ ਵਿੱਚ ਉਨ੍ਹਾਂ ਦੱਸਿਆ ਕਿ ਉਹ ਇਸ ਔਰਤ ਨੂੰ ਕਿਸੇ ਮਾਮਲੇ ਸੰਬੰਧੀ ਪੁੱਛ-ਗਿੱਛ ਕਰਨ ਲਈ ਲੈ ਕੇ ਆਏ ਸਨ। ਇਸ ਲਈ ਉਨ੍ਹਾਂ ਨੇ ਆਪਣੀ ਤਫਤੀਸ਼ ਤੋਂ ਬਾਅਦ ਉਸ ਨੂੰ ਛੱਡ ਦਿੱਤਾ। ਉਨ੍ਹਾਂ ਨੇ ਪੀੜਤ ਔਰਤ ਵੱਲੋਂ ਲਗਾਏ ਗਏ ਸਾਰੇ ਦੋਸ਼ਾਂ ਨੂੰ ਸਿਰੇ ਤੋਂ ਨਕਾਰ ਦਿੱਤਾ।

ਸੇਵਾਮੁਕਤ ਪਰਮਜੀਤ ਕੌਰ ਨੂੰ ਸਟਾਫ਼ ਵੱਲੋਂ ਨਿੱਘੀ ਵਿਦਾਇਗੀ

ਮੱਖੂ (ਰਛਪਾਲ ਸਿੰਘ ਸੰਧੂ)-ਸਿਹਤ ਵਿਭਾਗ ਸੀਐਚਸੀ ਤੋਂ ਸੇਵਾਮੁਕਤ ਹੋਏ ਸ੍ਰੀਮਤੀ ਪਰਮਜੀਤ ਕੌਰ ਨੂੰ ਸਟਾਫ਼ ਵੱਲੋਂ ਨਿੱਘੀ ਵਿਦਾਇਗੀ ਦਿੱਤੀ ਗਈ। ਸ੍ਰੀਮਤੀ ਪਰਮਜੀਤ ਕੌਰ ਦਾ ਜਨਮ 18 ਮਈ 1963 ਨੂੰ ਪਿਤਾ ਅਮਰ ਸਿੰਘ ਦੇ ਘਰ ਮਾਤਾ ਸੀਲਾ ਦੇਵੀ ਜੀ ਦੇ ਕੁੱਖੋਂ ਹੋਇਆ। ਸ੍ਰੀਮਤੀ ਪਰਮਜੀਤ ਕੌਰ ਵੱਲੋਂ 1 ਮਈ 1993 ਨੂੰ ਸੀਐਚਸੀ ਕੱਸੋਆਣਾ ਵਿੱਚ ਨੌਕਰੀ ਦੀ ਸ਼ੁਰੂਆਤ ਕੀਤੀ ਗਈ ਤੇ 31 ਮਈ 2023 ਨੂੰ ਸੀਐਚਸੀ ਵਿਚੋਂ ਸੇਵਾਮੁਕਤ ਹੋਏ। ਸ੍ਰੀਮਤੀ ਪਰਮਜੀਤ ਕੌਰ ਦੇ ਸੇਵਾਮੁਕਤ ਹੋਣ 'ਤੇ ਸਿਹਤ ਵਿਭਾਗ ਸੀਐਚਸੀ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਸ੍ਰੀਮਤੀ ਪਰਮਜੀਤ ਕੌਰ ਸਰਕਾਰੀ ਡਿਊਟੀ ਦੇ ਨਾਲ ਸੁਖਮਨੀ ਸੇਵਾ ਸੁਸਾਇਟੀ ਰਾਹੀਂ ਗੁਰਦੁਆਰਾ ਸਾਹਿਬ ਦੀ ਸੇਵਾ ਕਰਦੇ ਹਨ। ਇਸ ਮੌਕੇ ਸੀਐਚਸੀ ਮੱਖੂ ਦੇ ਐੱਸਐਮਓ ਡਾ. ਗੁਰਮੇਜ ਰਾਜ ਗੋਰਾਇਆ, ਐੱਸਐਮਓ ਡਾ. ਬਲਕਾਰ ਸਿੰਘ ਨੇ ਕਿਹਾ ਕਿ ਸ੍ਰੀਮਤੀ ਪਰਮਜੀਤ ਕੌਰ ਵੱਲੋਂ ਆਪਣੀ ਡਿਊਟੀ ਦੌਰਾਨ ਉਨ੍ਹਾਂ ਐਮਰਜੈਂਸੀ ਡਿਊਟੀ, ਫਲੱਡ ਡਿਊਟੀ, ਟੀਕਾਕਰਨ ਡਿਊਟੀ, ਪੋਲੀਓ ਬੂੰਦਾਂ ਦੀ ਡਿਊਟੀ ਤੇ ਕਰੋਨਾ ਕਾਲ ਆਦਿ ਵਿਚ ਡਿਊਟੀ ਪੂਰੀ ਦਲੇਰੀ ਨਾਲ ਕੀਤੀ ਅਤੇ ਮਰੀਜ਼ਾਂ ਦੀ ਸੇਵਾ ਦਿਨ-ਰਾਤ ਕੀਤੀ, ਕਦੇ ਵੀ ਕਿਸੇ ਡਿਊਟੀ ਤੋਂ ਨਾਂਹ ਨਹੀਂ ਕੀਤੀ। ਇਨ੍ਹਾਂ ਦੀ ਸੇਵਾਮੁਕਤੀ ਸਾਡੇ ਸਾਰਿਆਂ ਲਈ ਖਲਾਅ ਤਾਂ ਪੈਦਾ ਕਰੇਗੀ, ਪਰ ਸਾਨੂੰ ਇਨ੍ਹਾਂ ਤੋਂ ਪੂਰੀ ਉਮੀਦ ਹੈ ਕਿ ਇਹ ਸੇਵਾਮੁਕਤੀ ਤੋਂ ਬਾਅਦ ਵੀ ਸਾਡੇ ਨਾਲ ਜੁੜੇ ਰਹਿਣਗੇ। ਸਿਹਤ ਵਿਭਾਗ ਤੋਂ ਸੇਵਾਮੁਕਤ ਹੋਏ ਸ੍ਰੀਮਤੀ ਪਰਮਜੀਤ ਕੌਰ ਨੇ ਕਿਹਾ ਕਿ ਡਿਊਟੀ ਦੌਰਾਨ ਸਟਾਫ਼ ਦਾ ਜੋ ਪਿਆਰ ਮੈਨੂੰ ਮਿਲਿਆ, ਉਸ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਇਸ ਮੌਕੇ ਸਿਹਤ ਵਿਭਾਗ ਦੇ ਮੈਡੀਕਲ ਅਫ਼ਸਰ ਡਾ. ਹਰਿੰਦਰ ਸਿੰਘ, ਡਾ. ਸੁਮਨ (ਆਯੁਰਵੈਦਿਕ), ਵਰਿੰਦਰ ਕੁਮਾਰ ਸੀਨੀਅਰ ਫਾਰਮੇਸੀ ਅਫ਼ਸਰ, ਸਟਾਫ਼ ਸੁਖਦੇਵ ਕੌਰ, ਨੀਰੂ ਬਾਲਾ, ਹਰਪ੍ਰੀਤ ਕੌਰ, ਹਰਮਿੰਦਰ ਕੌਰ, ਮੁਖਤਿਆਰ ਸਿੰਘ ਸੀਨੀਅਰ ਕਲਰਕ, ਰਾਜਬੀਰ ਕੌਰ, ਨਰੇਸ਼ ਕੁਮਾਰ, ਅਮਿੰਦਰਪਾਲ ਸਿੰਘ, ਜਗਦੀਪ ਕੁਮਾਰ ਤੇ ਡਾ. ਬਿਨਵੰਤ ਸਿੰਘ, ਗੁਰਅਸੀਸ ਸਿੰਘ, ਕੁੰਵਰਦੀਪ ਸਿੰਘ, ਗੁਰਦੁਆਰਾ ਸਿੰਘ ਸਭਾ ਦੀ ਸੁਖਮਨੀ ਸੇਵਾ ਸੁਸਾਇਟੀ ਦੀਆਂ ਬੀਬੀਆਂ ਆਦਿ ਹਾਜ਼ਰ ਸਨ।

ਵਿਦਿਆਰਥੀ ਨੂੰ ਨਵਾਂ ਸਿੱਖਣ ਲਈ ਹਰ ਵੇਲੇ ਤਤਪਰ ਰਹਿਣਾ ਚਾਹੀਦਾ : ਡਾ. ਰਜਿੰਦਰ ਕੌਰ

ਸਮਰਾਲਾ (ਸੁਰਜੀਤ ਸਿੰਘ)-ਵਿਦਿਆਰਥੀ ਜੀਵਨ ਵਿੱਚ ਸਫ਼ਲਤਾ ਦੀਆਂ ਪੌੜੀਆਂ ਚੜ੍ਹਦੇ ਸਮੇਂ ਹਰ ਵੇਲੇ ਨਵਾਂ ਸਿੱਖਣ ਦੀ ਲਲਕ ਹੋਣੀ ਚਾਹੀਦੀ ਹੈ, ਜਿਸ ਦੇ ਨਾਲ ਗਿਆਨ ਵਿੱਚ ਵਾਧਾ ਹੁੰਦਾ ਹੈ। ਸਿੱਖਣ ਦਾ ਨਾਂਅ ਹੀ ਵਿਦਿਆਰਥੀ ਹੈ।

ਉਹ ਭਾਵੇਂ ਕਲਾਸ ਵਿਚ ਬੈਠ ਕੇ ਸਿੱਖੇ ਜਾਂ ਕਿਸੇ ਹੋਰ ਸਰੋਤਾਂ ਰਾਹੀ ਗਿਆਨ ਹਾਸਲ ਕਰੇ। ਗਿਆਨ ਹਾਸਲ ਕਰਨਾ ਹੀ ਵਿਦਿਆਰਥੀ ਦਾ ਉਦੇਸ਼ ਹੋਣਾ ਚਾਹੀਦਾ ਹੈ। ਇਹ ਵਿਚਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਹੇਠ ਚੱਲ ਰਹੇ ਗੁਰੂ ਗੋਬਿੰਦ ਖਾਲਸਾ ਕਾਲਜ ਫਾਰ ਵਿਮਨ ਝਾੜ ਸਾਹਿਬ ਦੀ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਕਾਲਜ ਵਿੱਚ ਵਿਦਿਆਰਥਣਾਂ ਦੀ ਸ਼ਖ਼ਸੀਅਤ ਉਸਾਰੂ ਵਿਸ਼ੇ 'ਤੇ ਕਰਾਏ ਗਏ ਵਿਸ਼ੇਸ਼ ਲੈਕਚਰ ਸਮੇਂ ਵਿਦਿਆਰਥਣਾਂ ਨੂੰ ਸੰਬੋਧਨ ਕਰਦੇ ਹੋਏ ਪ੍ਰਗਟ ਕੀਤੇ।

ਉਨ੍ਹਾਂ ਕਿਹਾ ਕਿ ਕਾਲਜ ਵਿਚ ਵਿੱਦਿਅਕ ਗਤੀਵਿਧੀਆਂ ਦੇ ਨਾਲੋ-ਨਾਲ ਸਵੈ ਰੁਜ਼ਗਾਰ ਪ੍ਰਾਪਤੀ ਤੇ ਵਿਦਿਆਰਥਣਾਂ ਦੀ ਸ਼ਖ਼ਸੀਅਤ ਨੂੰ ਨਿਖਾਰਨ ਲਈ ਅਜਿਹੇ ਤਰੱਦਦ ਲਗਾਤਾਰ ਕੀਤੇ ਜਾਂਦੇ ਹਨ, ਜਿਸਦਾ ਕਿ ਉਹਨਾਂ ਨੂੰ ਪ੍ਰੈਕਟੀਕਲ ਲਾਈਫ਼ ਵਿੱਚ ਬਹੁਤ ਲਾਭ ਮਿਲਦਾ ਹੈ। ਉਨ੍ਹਾਂ ਕਿਹਾ ਕਿ ਅਜਿਹੀ ਸ਼ਖ਼ਸੀਅਤ ਉਸਾਰੂ ਲੈਕਚਰ ਵਿਦਿਆਰਥੀ ਜੀਵਨ ਵਿੱਚ ਬਹੁਤ ਲਾਹੇਵੰਦ ਸਾਬਿਤ ਹੁੰਦੇ ਹਨ। ਵਿਦਿਆਰਥਣਾਂ ਦੀ ਸ਼ਖ਼ਸੀਅਤ ਉਸਾਰੂ ਵਿਸ਼ੇ 'ਤੇ ਵਿਸ਼ੇਸ਼ ਲੈਕਚਰ ਰਾਹੀਂ ਵਿਦਿਆਰਥਣਾਂ ਨੂੰ ਪ੍ਰੇਰਤ ਕਰਨ ਲਈ ਪ੍ਰੋ. ਮਨੂ ਵਰਮਾ ਏ.ਐਸ. ਕਾਲਜ ਨੇ ਮੁੱਖ ਵਕਤਾ ਦੇ ਤੌਰ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਦੂਜਿਆਂ ਨਾਲ ਵਿਚਾਰ ਵਟਾਂਦਰਾ ਕਰਨਾ ਤੇ ਸਮੇਂ-ਸਮੇਂ 'ਤੇ ਆਪਣੀ ਜਾਣਕਾਰੀ ਵਿੱਚ ਵਾਧਾ ਕਰਨਾ ਇੱਕ ਚੰਗੀ ਸ਼ਖ਼ਸੀਅਤ ਦੇ ਨਿਰਮਾਣ ਲਈ ਜ਼ਰੂਰੀ ਪੱਖ ਹਨ। ਵਿਦਿਆਰਥਣਾਂ ਨੇ ਮੁੱਖ ਵਕਤਾ ਨਾਲ ਸਵਾਲ-ਜਵਾਬ ਰਾਹੀਂ ਆਪਣੇ ਮਨ ਦੀਆਂ ਸ਼ੰਕਾਵਾਂ ਨੂੰ ਦੂਰ ਕੀਤਾ।

ਇਸ ਮੌਕੇ ਟ੍ਰੇਨਿੰਗ ਐਂਡ ਪਲੇਸਮੈਂਟ ਸੈੱਲ ਦੀ ਕਨਵੀਨਰ ਪ੍ਰੋ. ਪਰਮਪ੍ਰੀਤ ਕੌਰ ਨੇ ਵਿਸ਼ੇਸ਼ ਲੈਕਚਰ ਦਾ ਆਯੋਜਨ ਕਰਾਉਣ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ।

ਪ੍ਰੋਗਰਾਮ ਦੇ ਅੰਤ ਵਿੱਚ ਕਾਲਜ ਪ੍ਰਿੰ. ਡਾ. ਰਜਿੰਦਰ ਕੌਰ, ਕਰਮਜੀਤ ਸਿੰਘ ਮੈਨੇਜਰ ਗੁਰਦੁਆਰਾ ਚਰਨਕੰਵਲ ਸਾਹਿਬ ਮਾਛੀਵਾੜਾ ਸਾਹਿਬ, ਗੁਰਜੀਤ ਸਿੰਘ ਇੰਚਾਰਜ ਗੁਰਦੁਆਰਾ ਝਾੜ ਸਾਹਿਬ ਵੱਲੋਂ ਪ੍ਰੋ. ਮਨੂ ਵਰਮਾ ਨੂੰ ਸਨਮਾਨਤ ਕੀਤਾ ਗਿਆ। ਡਾ. ਸੁਨੀਤਾ ਕੌਸਲ, ਜਸਵੀਰ ਕੌਰ ਤੇ ਕਿਰਨਜੀਤ ਕੌਰ ਇਸ ਮੌਕੇ ਮੌਜੂਦ ਰਹੇ।

ਕਾਤਰਾਂ

ਪਹਿਲਵਾਨਾਂ ਦੇ ਹੱਕ 'ਚ ਮਾਰਚ 5 ਨੂੰ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਪਹਿਲਵਾਨਾਂ ਨਾਲ ਜਿਨਸੀ ਸੋਸ਼ਣ ਤੋਂ ਬਾਅਦ ਹੁਣ ਉਨ੍ਹਾਂ ਵੱਲੋਂ ਇਨਸਾਫ਼ ਦੀ ਮੰਗ ਕਰਨ 'ਤੇ ਫਿਰ ਦੂਜੀ ਵਾਰੀ ਧੱਕੇਸ਼ਾਹੀ ਹੋਈ ਹੈ। ਇਸ ਅੱਤ ਦਰਜੇ ਦੀ ਤਾਨਾਸ਼ਾਹੀ ਨੇ ਹਰ ਇਨਸਾਨ ਦੀ ਜਮੀਰ ਨੂੰ ਅੰਦਰ ਤੱਕ ਝੰਜੋੜ ਕੇ ਰੱਖ ਦਿੱਤਾ ਹੈ। ਜਿਵੇਂ ਦੇਸ ਦੇ ਹਰ ਕੋਨੇ ਵਿਚੋਂ ਪਹਿਲਵਾਨਾਂ ਨੂੰ ਸਮਰਥਨ ਮਿਲਿਆ ਹੈ, ਉਸੇ ਤਰ੍ਹਾਂ ਰਾਮਪੁਰਾ ਫੂਲ ਦੀਆਂ ਸ਼ਹਿਰੀ ਜਥੇਬੰਦੀਆਂ ਨੇ ਵੀ 5 ਜੂਨ ਨੂੰ ਪਹਿਲਵਾਨਾਂ ਦੇ ਹੱਕ ਵਿੱਚ ਮਾਰਚ ਕਰਨ ਦਾ ਐਲਾਨ ਕਰ ਦਿੱਤਾ ਹੈ। ਮਾਰਚ ਦਾ ਐਲਾਨ ਕਰਨ ਵਾਲੀਆਂ ਸ਼ਹਿਰੀ ਜਥੇਬੰਦੀਆਂ ਵਿੱਚ ਜਮਹੂਰੀ ਅਧਿਕਾਰ ਸਭਾ, ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ, ਤਰਕਸ਼ੀਲ ਸੁਸਾਇਟੀ, ਸੇਵਾਮੁਕਤ ਅਧਿਆਪਕ ਯੂਨੀਅਨ, ਡੈਮੋਕ੍ਰੇਟਿਕ ਅਧਿਆਪਕ ਫਰੰਟ ਸ਼ਾਮਲ ਹਨ। ਮੀਟਿੰਗ ਵਿੱਚ ਹਾਜ਼ਰ ਆਗੂਆਂ ਜਗਤਾਰ ਸਿੰਘ ਫੂਲ, ਅਵਤਾਰ ਸਿੰਘ, ਜੰਟਾ ਸਿੰਘ, ਮਾਸਟਰ ਹਰਭਜਨ ਸਿੰਘ, ਸੁਖਦੇਵ ਪਾਂਧੀ, ਜਗਦੇਵ ਸਿੰਘ, ਗਗਨ ਰਾਮਪੁਰਾ, ਵਿਕਾਸ ਗਰਗ ਤੇ ਬੇਅੰਤ ਸਿੰਘ ਨੇ ਰਾਮਪੁਰਾ ਫੂਲ ਦੀਆਂ ਹੋਰ ਸਾਰੀਆਂ ਜਥੇਬੰਦੀਆਂ ਤੇ ਸ਼ਹਿਰੀਆਂ ਨੂੰ ਇਸ ਮਾਰਚ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ।

ਵਿਦਿਆਰਥੀਆਂ ਦਾ ਵੰਡਰਲੈਂਡ ਟੂਰ

ਮਹਿਲ ਕਲਾਂ (ਬਲਵਿੰਦਰ ਵਜੀਦਕੇ)-ਜੀ. ਹੋਲੀ ਹਾਰਟ ਪਬਲਿਕ ਸਕੂਲ ਵਿੱਚ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸ੍ਰੀਮਾਨ ਸੁਸ਼ੀਲ ਗੋਇਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਤੇ ਵਾਇਸ ਪ੍ਰਿੰਸੀਪਲ ਪੂਜਾ ਕੌਸ਼ਿਕ ਦੀ ਅਗਵਾਈ ਹੇਠ ਤੀਜੀ ਤੋਂ ਬਾਰ੍ਹਵੀਂ ਦੇ ਵਿਦਿਆਰਥੀਆਂ ਨੂੰ ਵੰਡਰਲੈਂਡ ਲਿਜਾਇਆ ਗਿਆ, ਜਿੱਥੇ ਵਿਦਿਆਰਥੀਆਂ ਨੇ ਬਹੁਤ ਸਾਰੀਆਂ ਗਤੀਵਿਧੀਆਂ ਦਾ ਆਨੰਦ ਮਾਣਿਆ, ਜਿਸ ਵਿੱਚ ਕਾਰ ਰਾਈਡਿੰਗ, ਬੋਟਿੰਗ ਤੇ ਵੰਡਰਲੈਂਡ ਦੇ ਡਿਸਕੋ ਸਟੂਡੀਓ ਵਿੱਚ ਨੱਚਣ ਦੀ ਕਲਾ ਦਾ ਪ੍ਰਦਸ਼ਨ ਕਰਦੇ ਹੋਏ ਵਿਦਿਆਰਥੀਆਂ ਨੇ ਖ਼ੂਬ ਅਨੰਦ ਮਾਣਿਆ। ਇਹ ਟੂਰ ਮਨੋਰੰਜਨ ਦੇ ਨਾਲ-ਨਾਲ ਸਿੱਖਿਅਕ ਟੂਰ ਵੀ ਰਿਹਾ, ਜਿਸ ਵਿੱਚ ਸਾਇੰਸ ਦੇ ਅਧਿਆਪਕਾਂ ਦੁਆਰਾ ਦੱਸਿਆ ਗਿਆ ਕਿ ਵੱਖੋ-ਵੱਖਰੀਆਂ ਰਾਈਡਿਜ਼ ਵਿੱਚ ਸਾਇੰਸ ਕਿਵੇਂ ਕੰਮ ਕਰਦੀ ਹੈ। ਮਨੋਰੰਚਨ ਕਰਦੇ ਵਿਦਿਆਰਥੀਆਂ ਨੇ ਬਹੁਤ ਸਾਰੀਆਂ ਗਿਆਨ ਦੀਆਂ ਗੱਲਾਂ ਆਪਣੇ ਅਧਿਆਪਕ ਸਹਿਬਾਨਾਂ ਤੋਂ ਸਿੱਖੀਆਂ। ਇਸ ਟੂਰ ਦੌਰਾਨ ਵਿਦਿਆਰਥੀਆਂ ਨੇ ਹਰ ਗਤੀਵਿਧੀ ਦਾ ਆਨੰਦ ਮਾਣਿਆ ਅਤੇ ਇਹ ਮਨੋਰੰਜਨ ਦੇ ਨਾਲ-ਨਾਲ ਇੱਕ ਸਿੱਖਿਅਕ ਟੂਰ ਵੀ ਰਿਹਾ।

ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਸਮਰ ਕੈਂਪ

ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਭਾਰਤ ਵਿਕਾਸ ਪ੍ਰੀਸ਼ਦ ਸਰਹਿੰਦ ਵੱਲੋਂ ਵਿਦਿਆਰਥੀਆਂ ਲਈ ਤਿੰਨ ਦਿਨਾ ਸਮਰ ਕੈਂਪ ਦੀ ਸ਼ੁਰੂਆਤ ਕੀਤੀ ਗਈ। ਪਹਿਲੇ ਦਿਨ ਵਿਦਿਆਰਥੀਆਂ ਨੂੰ ਗੁਰਦੁਆਰਾ ਸ਼੍ਰੀ ਜੋਤੀ ਸਰੂਪ ਸਾਹਿਬ ਤੇ ਮਾਤਾ ਚਕਰੇਸ਼ਵਰੀ ਦੇਵੀ ਮੰਦਿਰ ਮੱਥਾ ਟਿਕਵਾਇਆ। ਕੈਂਪ ਦਾ ਉਦਘਾਟਨ ਮੁੱਖ ਮਹਿਮਾਨ ਪ੍ਰਿੰਸੀਪਲ ਮਹੇਸ਼ ਚੰਦ ਸ਼ਰਮਾ ਨੇ ਕੀਤਾ। ਕਾਰਜਕਾਰੀ ਪ੍ਰਧਾਨ ਰੋਹਿਤ ਸ਼ਰਮਾ ਨੇ ਦੱਸਿਆ ਤਿੰਨ ਦਿਨਾਂ ਕੈਂਪ ਵਿੱਚ ਵਿਦਿਆਰਥੀਆਂ ਨੂੰ ਪੇਂਟਿੰਗ ਮੁਕਾਬਲਾ, ਭਾਸ਼ਣ ਮੁਕਾਬਲਾ, ਕਵਿਤਾ ਗਾਇਨ ਮੁਕਾਬਲਾ, ਭੰਗੜਾ ਕਲਾਸ ਤੇ ਹੋਰ ਕਈ ਕਿਰਿਆਵਾਂ ਵੀ ਕਰਵਾਈਆਂ ਜਾਣਗੀਆਂ। ਇਸ ਮੌਕੇ ਮਨੀਸ਼ ਵਰਮਾ, ਦਿਨੇਸ਼ ਕੁਮਾਰ, ਹਰੀਸ਼ ਜੈਨ, ਅਰਵਿੰਦ ਵਰਮਾ, ਸੁਮੰਤ ਗੁਪਤਾ, ਹਰਸ਼ ਗੁਪਤਾ, ਰਾਜੇਸ਼ ਧੀਮਾਨ, ਅਮਰਜੀਤ ਪਾਲ, ਅਸ਼ਵਨੀ ਬਿਥਰ, ਬਾਨੀਸ਼ ਭਾਰਦਵਾਜ, ਡਾਕਟਰ ਉਪਿੰਦਰ ਭੰ

3-JUn-PAGE-8.qxd 6/2/2023 10:44 PM Page 1

ਮਹਿਲਾ ਭਲਵਾਨਾਂ ਨੂੰ ਇਨਸਾਫ ਤੇ ਬ੍ਰਿਜ ਭੂਸ਼ਣ ਨੂੰ ਸਜ਼ਾ ਦਿਵਾਉਣ ਲਈ ਸੰਘਰਸ਼ ਤੇਜ਼

ਜਲੰਧਰ (ਰਾਜੇਸ ਥਾਪਾ) ਸੰਯੁਕਤ ਕਿਸਾਨ ਮੋਰਚਾ ਅਤੇ ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ (ਜੇ ਪੀ ਐਮ ਓ) ਵੱਲੋਂ ਮੋਦੀ ਸਰਕਾਰ ਦਾ ਪੁਤਲਾ ਫੂਕ ਕੇ ਆਪਣੇ ਰੋਹ ਦਾ ਪ੍ਰਗਟਾਵਾ ਕੀਤਾ। ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਬ੍ਰਿਜ ਭੂਸ਼ਣ ਖਿਲਾਫ ਬਿਨ੍ਹਾਂ ਦੇਰੀ ਤੋਂ ਸਖਤ ਕਾਰਵਾਈ ਕੀਤੀ ਜਾਵੇ। ਦਿੱਲੀ ਮੋਰਚੇ ਦੇ ਸ਼ਹੀਦਾਂ ਦੀ ਯਾਦਗਰ ਤੋਂ ਵੱਖ-ਵੱਖ ਜਥੇਬੰਦੀਆਂ ਦੇ ਕਾਰਕੁਨਾਂ ਦਾ ਇੱਕ ਕਾਫਲਾ ਮੋਦੀ ਸਰਕਾਰ ਖਿਲਾਫ ਨਾਅਰੇਬਾਜੀ ਕਰਦਾ ਹੋਇਆ ਸਥਾਨਕ ਪੰਡਤ ਸ਼ਰਧਾ ਰਾਮ ਫਿਲੌਰੀ ਚੌਂਕ ਪੁੱਜਾ, ਜਿਥੇ ਮੋਦੀ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਜਮਹੂਰੀ ਕਿਸਾਨ ਸਭਾ ਦੇ ਸੰਤੋਖ ਸਿੰਘ ਬਿਲਗਾ, ਕੁਲਦੀਪ ਫਿਲੌਰ, ਤਰਜਿੰਦਰ ਸਿੰਘ ਧਾਲੀਵਾਲ, ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਹਰਮਿੰਦਰ ਸਿੰਘ ਖਹਿਰਾ, ਬਲਜੀਤ ਸਿੰਘ ਖਹਿਰਾ, ਭਾਰਤੀ ਕਿਸਾਨ ਯੂਨੀਅਨ ਕਾਦੀਆ ਦੇ ਬਲਵਿੰਦਰ ਸਿੰਘ, ਇਕਬਾਲ ਸਿੰਘ ਢਾਡੀ, ਦਿਹਾਤੀ ਮਜਦੂਰ ਸਭਾ ਦੇ ਪਰਮਜੀਤ ਰੰਧਾਵਾ, ਜਰਨੈਲ ਫਿਲੌਰ, ਮੇਜਰ ਫਿਲੌਰ, ਪਸਸਫ ਦੇ ਆਗੂ ਤੀਰਥ ਸਿੰਘ ਬਾਸੀ, ਨਿਰਮੋਲਕ ਸਿੰਘ ਹੀਰਾ, ਸਤਵਿੰਦਰ ਸਿੰਘ, ਬਲਵੀਰ ਸਿੰਘ ਨੇ ਅਗਵਾਈ ਕੀਤੀ। ਇਸ ਮੌਕੇ ਕੁਲਜੀਤ ਫਿਲੌਰ, ਬਲਬੀਰ ਸਿੰਘ ਬਿਲਗਾ, ਕੁਲਜਿੰਦਰ ਸਿੰਘ ਤਲਵਣ, ਬਨਾਰਸੀ ਦਾਸ ਘੁੜਕਾ, ਅਮ੍ਰਿਤ ਨੰਗਲ, ਸਰਪੰਚ ਰਾਮ ਲੁਭਾਇਆ, ਮਨਜੀਤ ਸੂਰਜਾ, ਨੰਬਰਦਾਰ ਬਲਜਿੰਦਰ ਸਿੰਘ ਬਿਲਗਾ, ਸੀਤਲ ਬੰਗਾ ਆਦਿ ਉਚੇਚੇ ਤੌਰ 'ਤੇ ਹਾਜ਼ਰ ਸਨ।

ਸ਼ਿਵ ਨਰਾਇਣ ਜਵੈਲਰਜ ਨੇ 8 ਗਿਨੀਜ਼ ਵਰਲਡ ਖਿਤਾਬ ਜਿੱਤ ਕੇ ਇਤਿਹਾਸ ਰਚਿਆ

ਚੰਡੀਗੜ੍ਹ: (ਗੁਰਜੀਤ ਬਿੱਲਾ) ਪ੍ਰਸਿੱਧ ਜੌਹਰੀ ਸ਼ਿਵ ਨਰਾਇਣ ਜਵੈਲਰਜ ਪ੍ਰਾਈਵੇਟ ਲਿਮਟਿਡ ਹੈਦਰਾਬਾਦ ਨੇ 8 ਗਿਨੀਜ਼ ਵਰਲਡ ਰਿਕਾਰਡ ਖਿਤਾਬ ਜਿੱਤ ਕੇ ਇੱਕ ਅਸਾਧਾਰਨ ਉਪਲਬਧੀ ਹਾਸਲ ਕੀਤੀ ਹੈ, ਜਿਸ ਨਾਲ ਉਨ੍ਹਾਂ ਨੂੰ ਇਤਿਹਾਸ 'ਚ ਅਜਿਹਾ ਵੱਕਾਰੀ ਮੀਲ ਪੱਥਰ ਹਾਸਲ ਕਰਨ ਵਾਲੇ ਪਹਿਲੇ ਭਾਰਤੀ ਜਿਊਲਰ ਵਜੋਂ ਸਥਾਪਿਤ ਕੀਤਾ ਗਿਆ ਹੈ। ਹੈਦਰਾਬਾਦ ਦੇ ਸ਼ਾਨਦਾਰ ਤਾਜ ਫਲਕਨੁਮਾ ਪੈਲੇਸ 'ਚ ਇੱਕ ਸ਼ਾਨਦਾਰ ਸਮਾਰੋਹ ਆਯੋਜਿਤ ਕੀਤਾ ਗਿਆ ਸੀ, ਜੋ ਸ਼ਿਵ ਨਰਾਇਣ ਦੀ ਅਮੀਰ ਵਿਰਾਸਤ ਦਾ ਸਨਮਾਨ ਕਰਨ ਲਈ ਇੱਕ ਢੁੱਕਵਾਂ ਸਥਾਨ ਹੈ। 1011.150 ਗ੍ਰਾਮ ਦਾ ਸਭ ਤੋਂ ਭਾਰੀ ਲਟਕਣ ਦਾ ਖਿਤਾਬ ਸੀ ਅਤੇ 11,472 ਹੀਰਿਆਂ ਦੀ ਵਿਸੇਸਤਾ ਵਾਲੇ ਇੱਕ ਲਟਕਣ ਉੱਤੇ ਸਭ ਤੋਂ ਵੱਧ ਹੀਰੇ ਸੈੱਟ ਸਨ। ਸ਼ਿਵ ਨਰਾਇਣ ਜਵੈਲਰਜ ਨੇ ਰਾਮ ਦਰਬਾਰ ਪੇਂਡੈਂਟ ਨਾਲ ਆਪਣਾ ਹੀ ਰਿਕਾਰਡ ਤੋੜਿਆ ਇਸ ਸ਼ਾਨਦਾਰ ਟੁਕੜੇ ਨੇ 54,666 ਹੀਰਿਆਂ ਦੇ ਨਾਲ 1681.820 ਗ੍ਰਾਮ ਵਜਨ ਦੇ ਸਭ ਤੋਂ ਭਾਰੇ ਪੈਂਡੈਂਟ ਅਤੇ ਸਭ ਤੋਂ ਵੱਧ ਹੀਰਿਆਂ ਦੇ ਸੈੱਟ ਦਾ ਖਿਤਾਬ ਹਾਸਲ ਕੀਤਾ।

ਚੋਰੀ ਦੇ ਮੋਟਰਸਾਈਕਲਾਂ ਸਮੇਤ ਵਿਅਕਤੀ ਗ੍ਰਿਫਤਾਰ

ਟਾਂਡਾ ਉੜਮੁੜ (ਜਸਵਿੰਦਰ ਸੰਧੂ ,ਉਂਕਾਰ ਸਿੰਘ)- ਇੰਸਪੈਕਟਰ ਉਕਾਰ ਸਿੰਘ ਬਰਾੜ ਮੁੱਖ ਅਫਸਰ ਥਾਣਾ ਟਾਂਡਾ ਜਿਲਾ ਹੁਸਿਆਰਪੁਰ ਦੱਸਿਆ ਕਿ ਮਾਨਯੋਗ ਸੀਨੀਅਰ ਪੁਲਸ ਕਪਤਾਨ ਨੇ ਜਿਲ੍ਹੇ ਅੰਦਰ ਮਾੜੇ ਅਨਸਰਾ ਉਪਰ ਕਾਬੂ ਪਾਉਣ ਲਈ ਵਿਸ਼ੇਸ਼ ਮੁਹਿਮ ਚਲਾਈ ਜਿਸ ਤਹਿਤ ਕੁਲਵੰਤ ਸਿੰਘ ਡੀ ਐਸ ਪੀ ਟਾਡਾ ਦੀ ਅਗਵਾਹੀ 'ਚ ਥਾਣਾ ਟਾਂਡਾ ਦੇ ਅਧੀਨ ਆਉਂਦੇ ਏਰੀਆ 'ਚ ਚੋਰੀਆਂ ਕਰਨ ਵਾਲਿਆਂ ਗ੍ਰਿਫਤਾਰ ਕਰਨ ਲਈ ਮੁਹਿਮ ਚਲਾਈ। ਏ ਐਸ ਆਈ ਗੁਰਮੀਤ ਸਿੰਘ ਸਮੇਤ ਪੁਲਸ ਪਾਰਟੀ ਨੂੰ ਉਸ ਸਮੇਂ ਵੱਡੀ ਸਫਲਤਾ ਹਾਸਲ ਹੋਈ ਜਦੋਂ ਜਾਜਾ ਬਾਈਪਾਸ ਟਾਂਡਾ ਮੌਜੂਦ ਸੀ ਕਿ ਮੁਖਬਰੀ ਅਧਾਰ 'ਤੇ ਸੈਫ ਅਲੀ ਪੁੱਤਰ ਮੁਹੰਮਦ ਜਮੀਲ ਵਾਸੀ ਮਸੀਤਪਾਲ ਕੋਟ ਥਾਣਾ ਟਾਂਡਾ ਅਤੇ ਵਿਦਿਆ ਨੰਦ ਕੁਮਾਰ ਪੁੱਤਰ ਸੁਨੀਲ ਯਾਦਵ ਵਾਸੀ ਸੇਰਵਾ ਘਾਟ ਥਾਂਣਾ ਸੋਸਟਰਾ ਅਸਥਾਨ ਜਿਲ੍ਹਾ ਤਰਵੰਗਾ (ਬਿਹਾਰ) ਹਾਲ ਵਾਸੀ ਮਸੀਤਪਾਲ ਕੋਟ ਥਾਣਾ ਟਾਂਡਾ ਦੋਹਾਂ ਨੂੰ ਕਾਬੂ ਕਰਕੇ ਇਹਨਾਂ ਪਾਸੋਂ 2 ਮੋਟਰਸਾਈਕਲ ਅਤੇ ਇੱਕ ਸਕੂਟਰੀ ਬਰਾਮਦ ਕਰਕੇ ਪੁਲਸ ਨੇ ਮਾਮਲਾ ਦਰਜ ਕਰ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ।

ਥਾਣਾ ਮਾਹਿਲਪੁਰ ਤੋਂ ਕਰਮਚਾਰੀ ਰਿਟਾਇਰ

ਮਾਹਿਲਪੁਰ (ਸਫਰੀ)-ਥਾਣਾ ਮਾਹਿਲਪੁਰ 'ਚ ਪੰਜਾਬ ਹੋਮ ਗਾਰਡ ਦੇ ਕਰਮਚਾਰੀ ਪੁਸ਼ਪਿੰਦਰ ਕੁਮਾਰ ਜੋ 58 ਸਾਲ ਪੂਰੇ ਹੋਣ 'ਤੇ 35 ਸਾਲ ਦੀ ਬੇ-ਦਾਗ ਨੌਕਰੀ ਕਰਕੇ 31 ਮਈ ਨੂੰ ਰਿਟਾਇਰ ਹੋ ਗਏ ਹਨ। ਪਲਟੂਨ ਕਮਾਂਡਰ ਪਰਮਜੀਤ ਸਿੰਘ ਨੇ ਦੱਸਿਆ ਕਿ ਕਰਮਚਾਰੀ ਪੁਸ਼ਪਿੰਦਰ ਕੁਮਾਰ ਨੇ ਬਹੁਤ ਹੀ ਨੇਕ ਦਿਲੀ, ਮਿਹਨਤ ਅਤੇ ਇਮਾਨਦਾਰੀ ਨਾਲ ਵੱਖ ਵੱਖ ਥਾਣਿਆਂ 'ਚ 35 ਸਾਲ ਨੌਕਰੀ ਕੀਤੀ, ਜਿਸ 'ਚੋਂ 10 ਸਾਲ ਥਾਣਾ ਮਾਹਿਲਪੁਰ 'ਚ ਵੀ ਆਪਣੀਆਂ ਸੇਵਾਵਾਂ ਪ੍ਰਦਾਨ ਕੀਤੀਆਂ। ਥਾਣਾ ਮਾਹਿਲਪੁਰ ਦੇ ਮੁਲਾਜਮਾਂ ਨੇ ਆਪਣੇ ਸਾਥੀ ਕਰਮਚਾਰੀ ਨੂੰ ਸੇਵਾ ਮੁਕਤੀ ਤੇ ਇਕ ਸਾਈਕਲ ਅਤੇ ਟੀ ਪਾਰਟੀ ਕੀਤੀ। ਇਸ ਮੌਕੇ ਮੁੱਖ ਮਹਿਮਾਨ ਵਜੋਂ ਥਾਣਾ ਮੁਖੀ ਬਲਜਿੰਦਰ ਸਿੰਘ ਮੱਲ੍ਹੀ, ਗੁਰਨੇਕ ਸਿੰਘ, ਹੈੱਡ ਮੁਨਛੀ ਰਾਜ ਕੁਮਾਰ, ਰਿਟਾਇਰ ਕੰਪਨੀ ਕਮਾਂਡਰ ਸੋਹਣ ਸਿੰਘ, ਮੁਲਾਜ਼ਮ ਹਰਜਿੰਦਰ ਸਿੰਘ ਅਤੇ ਬਲਕਾਰ ਸਿੰਘ ਆਦਿ ਹਾਜ਼ਰ ਸਨ।

ਨਵੇਂ ਥਾਣਾ ਮੁਖੀ ਨੇ ਅਹੁਦਾ ਸੰਭਾਲਿਆ

ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੋਬੀ) ਨਵੇਂ ਆਏ ਥਾਣਾ ਮੁਖੀ ਗੁਰਜੀਤ ਸਿੰਘ ਨੇ ਆਪਣਾ ਅਹੁਦਾ ਸੰਭਾਲਿਆ। ਇਸ ਤੋਂ ਪਹਿਲੇ ਥਾਣਾ ਮੁਖੀ ਰੁਪਿੰਦਰ ਸਿੰਘ ਦੀ ਇੱਥੋਂ ਰੂਪਨਗਰ ਦੀ ਬਦਲੀ ਹੋ ਗਈ ਸੀ। ਨਵੇਂ ਥਾਣਾ ਮੁਖੀ ਗੁਰਜੀਤ ਸਿੰਘ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਉਹ ਇਲਾਕੇ ਵਿਚੋਂ ਨਸ਼ਾ ਤਸਕਰਾਂ ਨੂੰ ਭਜਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ, ਉੱਥੇ ਹੀ ਜਿਹੜੇ ਨੌਜਵਾਨ ਮੋਟਰਸਾਈਕਲਾਂ ਤੇ ਪਟਕੇ ਮਾਰਦੇ ਫਿਰਦੇ ਹਨ ਤੇ ਕਾਨੂੰਨੀ ਕਾਰਵਾਈ ਕਰਕੇ ਮੋਟਰਸਾਈਕਲ ਜਬਤ ਕੀਤੇ ਜਾਣਗੇ ਅਤੇ ਨਾਲ ਹੀ ਜਿਹੜੇ ਟਰੈਕਟਰਾਂ ਤੇ ਵੀ ਉੱਚੀ ਆਵਾਜ਼ ਵਿੱਚ ਸਪੀਕਰ ਲਗਾ ਕੇ ਲੋਕਾਂ ਨੂੰ ਪ੍ਰੇਸ਼ਾਨ ਕਰਦੇ ਹਨ, ਉਨ੍ਹਾਂ ਤੇ ਵੀ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ । ਉਨ੍ਹਾਂ ਕਿਹਾ ਕਿ ਇਲਾਕੇ ਵਿਚ ਗੈਰਕਾਨੂੰਨੀ ਧੰਦਾ ਕਰਨ ਵਾਲਿਆਂ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ ।

ਮੈਰਿਟ 'ਚ ਆਏ ਵਿਦਿਆਰਥੀ ਸਨਮਾਨਤ

ਮੋਰਿੰਡਾ(ਜੈਜੀ ਸਰਦਾਰ) ਡਿਪਟੀ ਕਮਿਸ਼ਨਰ ਰੂਪਨਗਰ ਸ੍ਰੀਮਤੀ ਅਮਨਦੀਪ ਕੌਰ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਲੋਮਪੁਰ ਵਿਖੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਨਤੀਜਿਆਂ ਵਿੱਚ ਮੈਰਿਟ ਵਿੱਚ ਸਥਾਨ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਨਕਦ ਰਾਸ਼ੀ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਡਿਪਟੀ ਕਮਿਸ਼ਨਰ ਨੇ ਬੱਚਿਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਸਭ ਤੋਂ ਪਹਿਲਾਂ ਸਾਨੂੰ ਸਾਡਾ ਉਦੇਸ਼ ਮਿੱਥਣਾ ਚਾਹੀਦਾ ਹੈ ਉਸ ਉਪਰੰਤ ਉਸ ਉਦੇਸ਼ ਨੂੰ ਪੂਰਾ ਕਰਨ ਲਈ ਕੜੀ ਮਿਹਨਤ ਕਰਨੀ ਚਾਹੀਦੀ ਹੈ ਜਿਸ ਨਾਲ ਅਸੀਂ ਆਪਣੀ ਹਰ ਮੰਜ਼ਿਲ ਨੂੰ ਸਰ ਕਰ ਸਕਦੇ ਹਾਂ। ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀਮਤੀ ਅਮਨਦੀਪ ਕੌਰ, ਵਧੀਕ ਡਿਪਟੀ ਕਮਿਸ਼ਨਰ ਸ੍ਰੀ ਫਤਹਿਗੜ੍ਹ ਸਾਹਿਬ ਸੁਰਿੰਦਰ ਸਿੰਘ, ਐਸ.ਡੀ.ਐਮ. ਸ੍ਰੀ ਚਮਕੌਰ ਸਾਹਿਬ ਅਮਰੀਕ ਸਿੰਘ ਸਿੱਧੂ ਵੱਲੋਂ 5100 ਰੁਪਏ ਦੇ ਇਨਾਮ ਵਜੋਂ ਦਿੱਤੇ। ਮੈਨੇਜਰ ਇੰਡਸਟਰੀ ਵਿਭਾਗ ਬਲਿੰਦਰ ਸਿੰਘ, ਬਲਦੇਵ ਸਿੰਘ ਚਮਕੌਰ ਸਾਹਿਬ, ਧਰਮਿੰਦਰ ਸਿੰਘ ਸਰਪੰਚ ਸਲੋਮਪੁਰ, ਬਾਬਾ ਸੁਰਮੁੱਖ ਸਿੰਘ ਓਇੰਦ, ਪ੍ਰਿਤਪਾਲ ਸਿੰਘ ਸਰਪੰਚ ਓਇੰਦ, ਗੁਰਿੰਦਰ ਸਿੰਘ ਸਰਪੰਚ ਰੋਲੂ ਮਾਜਰਾ, ਰਾਮ ਕਿਸਨ ਬੰਗੜ ਪ੍ਰਿੰਸੀਪਲ ਬਠਿੰਡਾ ਕਾਲਜ, ਅਨਿਲ ਬੰਗੜ ਨੇ ਬੱਚਿਆਂ ਨੂੰ 11000 ਹਜਾਰ ਰੁਪਏ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਬਲਾਕ ਨੋਡਲ ਅਫਸਰ ਪ੍ਰਿੰਸੀਪਲ ਸੁਰਿੰਦਰ ਕੁਮਾਰ ਘਈ, ਸੰਜੀਵ ਅੱਤਰੀ, ਸੁਮਨਦੀਪ ਕੌਰ, ਦਰਸਨ ਸਿੰਘ, ਕੁਲਤਾਰ ਸਿੰਘ, ਹਰਪ੍ਰੀਤ ਕੌਰ ਰੌਲੂ ਮਾਜਰਾ, ਹਰਿੰਦਰ ਕੌਰ, ਬਲਜਿੰਦਰ ਕੌਰ, ਦੀਪਿਕਾ, ਗੁਰਿੰਦਰ ਕੌਰ, ਨਰਿੰਦਰ ਕੌਰ, ਰਾਜਵੀਰ ਸਿੰਘ, ਸਿਮਰਨਜੋਤ ਸਿੰਘ, ਹਰਪ੍ਰੀਤ ਕੌਰ ਲਾਇਬ੍ਰੇਰੀਅਨ, ਬਲਾਕ ਮੈਂਟਰ ਜਸਬੀਰ ਸਿੰਘ ਸਾਂਤਪੁਰੀ, ਬਲਾਕ ਮੈਂਟਰ ਕੰਵਲਜੀਤ ਸਿੰਘ ਕਾਈਨੌਰ, ਜਸਦੀਪ ਕੌਰ , ਅਮਨਦੀਪ ਕੌਰ, ਸੀਮਾ ਰਾਣੀ, ਧਰਮਿੰਦਰ ਸਿੰਘ, ਮਨਮੋਹਨ ਸਿੰਘ, ਰਮਨਦੀਪ ਕੌਰ, ਮਨਦੀਪ ਕੌਰ, ਕਰਮ ਸਿੰਘ, ਹਰਜੀਤ ਸਿੰਘ, ਕੁਲਵੰਤ ਕੌਰ ਤੇ ਕਮਲਜੀਤ ਕੌਰ ਆਦਿ ਹਾਜਰ ਸਨ।

ਸੰਤ ਮਧੂਸੂਦਨ ਦਾਸ ਦੀ ਯਾਦ 'ਚ ਖਾਨਪੁਰ ਵਿਖੇ ਧਾਰਮਕ ਸਮਾਗਮ

ਹੁਸ਼ਿਆਰਪੁਰ (ਓ ਪੀ ਰਾਣਾ) ਮਹਾਨ ਤਪੱਸਵੀ ਸੰਤ ਮਧੁਸੂਦਨ ਦਾਸ ਦੇ ਸਾਲਾਨਾ ਬਰਸੀ ਸਮਾਗਮ ਖਾਨਪੁਰ ਵਿਖੇ ਮੌਜੂਦਾ ਗੱਦੀਨਸ਼ੀਨ ਸੰਤ ਕ੍ਰਿਪਾਲ ਦਾਸ ਮੈਂਬਰ ਗੁਰੂ ਰਵਿਦਾਸ ਸਾਧੂ ਸੰਪਰਦਾਇਕ ਸੁਸਾਇਟੀ (ਰਜਿ.) ਪੰਜਾਬ, ਸੰਤ ਸੰਤੋਖ ਦਾਸ ਦੀ ਰਹਿਨੁਮਾਈ ਹੇਠ ਬੜੇ ਸਤਿਕਾਰ ਸ਼ਰਧਾ ਪੂਰਵਕ ਮਨਾਏ ਗਏ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ ਅਤੇ ਖੁਲ੍ਹੇ ਪੰਡਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰਛਾਇਆ ਹੇਠ ਕੀਰਤਨ ਦੇ ਦੀਵਾਨ ਤੇ ਸੰਤ ਸਮਾਗਮਾਂ ਦੀ ਆਰੰਭਤਾ ਹੋਈ। ਇਨ੍ਹਾਂ ਸਮਾਗਮਾਂ 'ਚ ਪੰਥ ਪ੍ਰਸਿੱਧ ਰਾਗੀ, ਢਾਡੀ ਕਵੀਸ਼ਰੀ ਜਥਿਆਂ ਨੇ ਸੰਗਤਾਂ ਨੂੰ ਨਾਮਬਾਣੀ ਨਾਲ ਜੋੜਿਆ। ਗੁਰੂ ਰਵਿਦਾਸ ਸਾਧੂ ਸੰਪਰਦਾਇਕ ਸੁਸਾਇਟੀ ਰਜਿ: ਪੰਜਾਬ ਦੇ ਵੱਖ ਵੱਖ ਡੇਰਿਆਂ ਤੋਂ ਆਏ ਸੰਤ ਮਹਾਪੁਰਸ਼ਾਂ, ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਸ਼ਖ਼ਸੀਅਤਾਂ ਸਮੇਤ ਬੁੱਧੀਜੀਵੀਆਂ ਨੇ ਵੀ ਆਪਣੀ ਹਾਜ਼ਰੀ ਲਗਵਾਈ ਤੇ ਸੰਤਾਂ ਮਹਾਪੁਰਸ਼ਾਂ ਦੇ ਮਹਾਨ ਜੀਵਨ ਤੋਂ ਸੰਗਤਾਂ ਨੂੰ ਜਾਣੂ ਕਰਾਇਆ। ਇਸ ਮੌਕੇ ਸੰਤ ਸਰਵਣ ਦਾਸ ਬੋਹਣ ਚੇਅਰਮੈਨ ਗੁਰੂ ਰਵਿਦਾਸ ਸਾਧੂ ਸੰਪਰਦਾਇ, ਸੰਤ ਨਿਰਮਲ ਦਾਸ ਬਾਬੇ ਜੌੜੇ ਪ੍ਰਧਾਨ, ਸੰਤ ਇੰਦਰ ਦਾਸ ਸੇਖੋ ਜਨਰਲ ਸਕੱਤਰ ਆਦਿ ਧਰਮ ਗੁਰੂ ਸੰਤ ਸਰਵਣ ਦਾਸ ਸਲੇਮਟਾਬਰੀ,ਸੰਤ ਪਰਮਜੀਤ ਦਾਸ ਨਗਰ, ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ, ਸੰਤ ਮਨਜੀਤ ਦਾਸ ਚਲੇਟ ਹਿਮਾਚਲ, ਸੰਤ ਧਰਮਪਾਲ ਸ਼ੇਰਗੜ, ਸੰਤ ਹਰਮੀਤ ਸਿੰਘ ਬਣਾ ਸਾਹਿਬ ਆਦਿ ਵੱਲੋਂ ਕੀਰਤਨ, ਗੁਰਮਤਿ ਵਿਚਾਰਾਂ ਦੀ ਸਾਂਝ ਪਾਈ । ਇਸ ਮੌਕੇ ਆਏ ਹੋਏ ਸੰਤ ਮਹਾਂਪੁਰਸ਼ਾਂ, ਰਾਜਨੀਤਕ ਅਤੇ ਸਮਾਜਿਕ ਆਗੂਆਂ ਨੂੰ ਸੰਤ ਕ੍ਰਿਪਾਲ ਦਾਸ ਵੱਲੋਂ ਸਿਰਪਾਓ ਭੇਂਟ ਕਰ ਸਨਮਾਨਿਤ ਕੀਤਾ ਗਿਆ।

ਨਵੀਆਂ ਨਿਯੁਕਤੀਆਂ ਨਾਲ ਪਾਰਟੀ ਦਾ ਅਧਾਰ ਹੋਰ ਮਜ਼ਬੂਤ ਹੋਵੇਗਾ : ਰਾਮਪੁਰ

ਸਾਹਕੋਟ (ਗਿਆਨ ਸੈਦਪੁਰੀ) ਬੀ. ਸੀ. ਵਿੰਗ 'ਆਪ' ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਤਜਿੰਦਰ ਸਿੰਘ ਰਾਮਪੁਰ ਨੇ ਮਾਰਕੀਟ ਕਮੇਟੀ ਸਾਹਕੋਟ, ਮਾਰਕਿਟ ਕਮੇਟੀ ਮਹਿਤਪੁਰ ਅਤੇ ਮਾਰਕੀਟ ਕਮੇਟੀ ਲੋਹੀਆ ਖਾਸ ਦੇ ਚੇਅਰਮੈਨ ਬਣਾਉਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਆਪ ਦੀ ਹਾਈ ਕਮਾਨ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਨੇ ਨਵੇਂ ਬਣੇ ਅਹੁਦੇਦਾਰਾਂ ਨੂੰ ਵਧਾਈ ਵੀ ਦਿੱਤੀ। ਇੱਥੇ ਜਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋ ਵੱਖ ਵੱਖ ਮਾਰਕੀਟ ਕਮੇਟੀਆ 'ਚ 66 ਨਵੇਂ ਚੇਅਰਮੈਨ ਨਿਯੁਕਤ ਕੀਤੇ ਹਨ। ਉਨ੍ਹਾਂ ਵਿੱਚ ਮਾਰਕੀਟ ਕਮੇਟੀ ਸਾਹਕੋਟ, ਮਹਿਤਪੁਰ ਅਤੇ ਲੋਹੀਆ ਖਾਸ ਦੇ ਕ੍ਰਮਵਾਰ ਬਲਬੀਰ ਸਿੰਘ ਢੰਡੋਵਾਲ, ਬਲਕਾਰ ਸਿੰਘ ਚੱਠਾ ਅਤੇ ਸਰਬਜੀਤ ਸਿੰਘ ਚੱਤਰਥ ਨੂੰ ਚੇਅਰਮੈਨ ਨਿਯੁਕਤ ਕੀਤਾ ਹੈ। ਤਜਿੰਦਰ ਸਿੰਘ ਰਾਮਪੁਰ ਨੇ ਇਨ੍ਹਾਂ ਨਿਯੁਕਤੀਆਂ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਪਾਰਟੀ ਨੇ ਧਰਤੀ ਨਾਲ ਜੁੜੇ ਹੋਏ ਆਗੂਆਂ ਦੇ ਕੰਮ ਦੀ ਕਦਰ ਪਾਈ ਹੈ। ਇਨ੍ਹਾਂ ਨਿਯੁਕਤੀਆਂ ਨਾਲ ਪਾਰਟੀ ਦਾ ਅਧਾਰ ਹੋਰ ਮਜਬੂਤ ਹੋਵੇਗਾ।

ਐੱਮ ਐੱਸ ਕੇ ਡੇ ਬੋਰਡਿੰਗ ਸਕੂਲ ਵਿਖੇ ਸਮਰ ਕੈਂਪ ਦਾ ਆਰੰਭ

ਟਾਂਡਾ ਉੜਮੁੜ (ਉਂਕਾਰ ਸਿੰਘ, ਜਸਵਿੰਦਰ ਸੰਧੂ) ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਐੱਮ ਐਸ ਕੇ ਡੇ ਬੋਰਡਿੰਗ ਸੀ ਬੀ ਐਸ ਈ ਸਕੈਂਡਰੀ ਸਕੂਲ, ਕੋਟਲੀ ਜੰਡ ਵਿਖੇ ਸਕੂਲ ਦੇ ਪ੍ਰਧਾਨ ਸਰਦਾਰ ਸੁੱਖਵਿੰਦਰ ਸਿੰਘ ਅਰੋੜਾ ਦੀ ਰਹਿਨੁਮਾਈ ਹੇਠ ਸਕੂਲ ਕੈਂਪਸ 'ਚ ਇੱਕ ਹਫਤੇ ਦੇ ਸਮਰ ਕੈਂਪ ਦਾ ਬੜੀ ਧੂਮਧਾਮ ਨਾਲ ਆਰੰਭ ਹੋਇਆ। ਸਭ ਤੋਂ ਪਹਿਲਾਂ ਪ੍ਰਮਾਤਮਾ ਨੂੰ ਯਾਦ ਕੀਤਾ ਗਿਆ, ਜਿਸ ਉਪਰੰਤ ਬੱਚਿਆਂ

ਪਿੰਡਾਂ ਦੀ ਨੁਹਾਰ ਬਦਲਣ ਲਈ ਗ੍ਰਾਂਟਾਂ ਦੀ ਵਰਤੋਂ 'ਚ ਪੂਰੀ ਪਾਰਦਰਸ਼ਤਾ ਲਿਆਂਦੀ ਜਾਵੇਗੀ : ਰਾਜਾ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)-ਮਾਨ ਸਰਕਾਰ ਦੀਆਂ ਕਾਰਗੁਜਾਰੀਆਂ ਤੇ ਪਿੰਡਾਂ 'ਚ ਕੀਤੇ ਜਾ ਰਹੇ ਵਿਕਾਸ ਕਾਰਜਾਂ ਨੂੰ ਵੇਖਦੇ ਹੋਏ ਲੋਕ ਹੁਣ ਆਪ ਨਾਲ ਜੁੜਦੇ ਜਾ ਰਹੇ ਹਨ। ਆਮ ਆਦਮੀ ਪਾਰਟੀ ਬੇਟ ਏਰੀਆ ਦੇ ਬਲਾਕ ਪ੍ਰਧਾਨ ਅਮਨਪ੍ਰੀਤ ਸਿੰਘ ਪ੍ਰਿੰਸ ਦੀ ਅਗਵਾਈ ਵਿੱਚ ਪਿੰਡ ਸਲੇਮਪੁਰ ਦੀ ਪੰਚਾਇਤ ਨੂੰ ਆਪ ਵਿਚ ਸ਼ਾਮਲ ਕਰਨ ਲਈ ਪਿੰਡ ਵਿਖੇ ਇਕ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ 'ਚ ਪਿੰਡ ਸਲੇਮਪੁਰ ਦੀ ਸਮੂਹ ਪੰਚਾਇਤ ਤੋਂ ਇਲਾਵਾ ਭਾਰੀ ਗਿਣਤੀ 'ਚ ਲੋਕਾਂ ਨੇ ਹਲਕਾ ਟਾਂਡਾ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਤੇ ਬੇਟ ਏਰੀਆ ਇੰਚਾਰਜ ਰਾਜਿੰਦਰ ਸਿੰਘ ਮਾਰਸਲ ਦੀ ਮੌਜੂਦਗੀ ਵਿੱਚ ਆਪ ਦੀ ਨੀਤੀਆਂ ਨੂੰ ਵੇਖਦੇ ਹੋਏ ਝਾੜੂ ਦਾ ਪੱਲਾ ਫੜ੍ਹ ਲਿਆ, ਜਿਨ੍ਹਾਂ ਦਾ ਭਰਵਾਂ ਸੁਆਗਤ ਕਰਦੇ ਹੋਏ ਵਿਧਾਇਕ ਜਸਵੀਰ ਸਿੰਘ ਰਾਜਾ ਅਤੇ ਰਾਜਿੰਦਰ ਮਾਰਸਲ ਨੇ ਸਰਪੰਚ ਸਤਪਾਲ ਸਿੰਘ, ਮੈਂਬਰ ਪੰਚਾਇਤ ਮਲਕੀਤ ਸਿੰਘ, ਸੁਖਵਿੰਦਰ ਸਿੰਘ, ਬਲਕਾਰ ਸਿੰਘ, ਅਮਰਪ੍ਰੀਤ ਸਿੰਘ, ਅਮਰਜੀਤ ਸਿੰਘ, ਦਰਸਨ ਸਿੰਘ ਗੁੱਗੂ, ਪਰਮਜੀਤ ਸਿੰਘ, ਅਵਤਾਰ ਸਿੰਘ, ਬਲਜੀਤ ਸਿੰਘ, ਰਣਜੀਤ ਸਿੰਘ, ਇੰਸਪੈਕਟਰ ਗੁਰਬਖਸ ਸਿੰਘ, ਨਿਰਮਲ ਸਿੰਘ, ਸਤਵੀਰ ਸਿੰਘ, ਮਾਸਟਰ ਗੁਰਚਰਨ ਸਿੰਘ, ਮਾਸਟਰ ਪ੍ਰਕਾਸ਼ ਸਿੰਘ, ਭੁਪਿੰਦਰ ਸਿੰਘ, ਸੁਖਦੇਵ ਸਿੰਘ ਅਤੇ ਗੁਰਬਚਨ ਸਿੰਘ ਨੂੰ ਸਿਰੋਪੇ ਪਾ ਕੇ ਸਨਮਾਨਿਤ ਕੀਤਾ। ਇਸ ਮੌਕੇ ਤੇ ਵਿਧਾਇਕ ਰਾਜਾ ਨਾਲ ਬਲਾਕ ਪ੍ਰਧਾਨ ਕੇਸਵ ਸਿੰਘ ਸੈਣੀ, ਗੁਰਦੀਪ ਸਿੰਘ ਹੈਪੀ, ਜਸਵੰਤ ਸਿੰਘ ਬਿੱਟੂ, ਲਖਵਿੰਦਰ ਸਿੰਘ ਸੇਠੀ, ਸਰਪੰਚ ਰਣਬੀਰ ਸਿੰਘ ਨੱਥੂਪੁਰ, ਲਖਵੀਰ ਸਿੰਘ, ਕੁਲਵਿੰਦਰ ਸਿੰਘ ਬੱਬੂ ਅਤੇ ਵਰਿੰਦਰ ਸਿੰਘ ਭੂਲਪੁਰ ਹਾਜ਼ਰ ਸਨ। ਇਕੱਠ ਨੂੰ ਸੰਬੋਧਨ ਕਰਦੇ ਹੋਏ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਕਿਹਾ ਕਿ ਪਿੰਡ ਨੂੰ ਗ੍ਰਾਂਟਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਅਤੇ ਇਨ੍ਹਾਂ ਗ੍ਰਾਂਟਾਂ ਦੀ ਵਰਤੋਂ ਵਿਚ ਪੂਰੀ ਪਾਰਦਰਸ਼ੀ ਲਿਆਂਦੀ ਜਾਵੇਗੀ ਤਾਂ ਜੋ ਪਿੰਡਾਂ ਦੀ ਨੁਹਾਰ ਬਦਲੀ ਜਾ ਸਕੇ।

ਬੇਲਾ ਕਾਲਜ 'ਚ ਸਮੂਹ ਸਟਾਫ਼ ਨੂੰ ਐਮ ਆਈ ਐਸ ਦੀ ਟ੍ਰੇਨਿੰਗ

ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)- ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ, ਬੇਲਾ (ਰੋਪੜ) ਵਿਖੇ ਕਾਲਜ ਦੇ ਸਮੂਹ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ਼ ਲਈ ਨਵੇਂ ਵਿੰਦਿਅਕ ਵਰ੍ਹੇ ਦੇ ਸੰਦਰਭ ਵਿੱਚ ਮੈਨਜਮੈਂਟ ਇੰਨਫੋਰਮੇਸ਼ਨ ਸਿਸਟਮ (ਐਮ. ਆਈ. ਐਸ.) ਸੰਬੰਧੀ ਟ੍ਰੇਨਿੰਗ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸਟਾਫ਼ ਨੂੰ ਹਰਸੁਖਵੀਰ ਸਿੰਘ ਅਤੇ ਦਲਮਿੰਦਰ ਸਿੰਘ ਵਲੋਂ ਕਾਲਜ ਦੇ ਆਨਲਾਈਨ ਪੋਰਟਲ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਅਤੇ ਸਾਰੀ ਪ੍ਰਕਿਰਿਆ ਦਾ ਇੱਕ ਆਨਲਾਈਨ ਪ੍ਰਦਰਸ਼ਨ ਦਿਖਾਇਆ ਗਿਆ। ਅਧਿਆਪਨ ਅਮਲੇ ਦੇ ਸਵਾਲ-ਜਵਾਬ ਵੀ ਕੀਤੇ ਗਏ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡਾ. ਮਮਤਾ ਅਰੋੜਾ ਨੇ ਦੱਸਿਆ ਕਿ ਐਮ. ਆਈ. ਐਸ. ਪੋਰਟਲ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਨੂੰ ਨੱਜਿਠਣ ਲਈ ਇੱਕ ਵਧੀਆ ਸਾਧਨ ਹੈ। ਇਸ ਆਨਲਾਈਨ ਪੋਰਟਲ 'ਤੇ ਕਾਲਜ ਵਿਦਿਆਰਥੀਆਂ ਦਾ ਡਾਟਾ ਜ਼ਰੂਰਤ ਅਨੁਸਾਰ ਭਰਿਆ ਅਤੇ ਖ਼ਾਰਜ ਕੀਤਾ ਜਾ ਸਕਦਾ ਹੈ। ਇਸ ਨਾਲ ਵਿਦਿਆਰਥੀਆਂ ਨੂੰ ਬਹੁਤ ਫ਼ਾਇਦਾ ਹੋਵੇਗਾ ਕਿਉਂਕਿ ਪੋਰਟਲ ਵਿਦਿਆਰਥੀਆਂ ਨੂੰ ਉਹਨਾਂ ਦੇ ਦਸਤਾਵੇਜ਼ਾਂ ਅਤੇ ਫ਼ੀਸ ਆਦਿ ਸੰਬੰਧੀ ਸਮੇਂ-ਸਮੇਂ ਤੇ ਅਲਰਟ ਦਿੰਦਾ ਰਹੇਗਾ। ਇਸ ਮੌਕੇ ਕਾਲਜ ਦਾ ਸਮੂਹ ਸਟਾਫ਼ ਹਾਜ਼ਰ ਸੀ।

ਨਗਰ ਨਿਗਮਾਂ ਤੇ ਕੌਂਸਲਾਂ 'ਚ ਭ੍ਰਿਸ਼ਟਾਚਾਰ ਵਿਰੁੱਧ ਜ਼ੀਰੋ ਟਾਲਰੈਂਸ ਨੂੰ ਯਕੀਨੀ ਬਣਾਇਆ ਜਾਵੇਗਾ : ਬਲਕਾਰ

ਜਲੰਧਰ -(ਸ਼ੈਲੀ ਐਲਬਰਟ)-ਪੰਜਾਬ ਦੇ ਸਥਾਨਕ ਸਰਕਾਰਾਂ ਅਤੇ ਸੰਸਦੀ ਮਾਮਲੇ ਮੰਤਰੀ ਬਲਕਾਰ ਸਿੰਘ ਨੇ ਜ਼ੋਰ ਦਿੰਦਿਆਂ ਕਿਹਾ ਕਿ ਸੂਬੇ ਦੀਆਂ ਸਾਰੀਆਂ ਨਗਰ ਨਿਗਮਾਂ ਅਤੇ ਨਗਰ ਕੌਂਸਲਾਂ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਜ਼ੀਰੋ ਟੋਲਰੈਂਸ ਦੀ ਨੀਤੀ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਈ ਜਾਵੇਗੀ ਤਾਂ ਜੋ ਪੰਜਾਬ ਦੀਆਂ ਸਾਰੀਆਂ ਸਥਾਨਕ ਸੰਸਥਾਵਾਂ ਵਿੱਚ ਸੁਚਾਰੂ ਅਤੇ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਨੂੰ ਯਕੀਨੀ ਬਣਾਇਆ ਜਾ ਸਕੇ ।

ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ, ਵਿਧਾਇਕ ਰਮਨ ਅਰੋੜਾ, ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਸਮੇਤ ਸਥਾਨਕ ਸਰਕਟ ਹਾਊਸ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਥਾਨਕ ਸਰਕਾਰਾਂ ਮੰਤਰੀ ਨੇ ਕਿਹਾ ਕਿ ਸ਼ਹਿਰ ਵਿੱਚ ਬੁਨਿਆਦੀ ਸਹੂਲਤਾਂ ਦੀ ਉਪਲਬਧਤਾ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਵੇਗਾ ਤਾਂ ਜੋ ਲੋਕ ਪੀਣ ਵਾਲਾ ਸਵੱਛ ਪਾਣੀ, ਸਾਫ-ਸਫਾਈ, ਬਿਹਤਰ ਸੜਕੀ ਬੁਨਿਆਦੀ ਢਾਂਚਾ, ਸਟ੍ਰੀਟ ਲਾਈਟਿੰਗ ਵਰਗੇ ਲਾਭ ਦਿੱਤੇ ਜਾ ਸਕਣ । ਉਨ੍ਹਾਂ ਕਿਹਾ ਕਿ ਜਲੰਧਰ ਦੇ ਲੋਕਾਂ ਨੇ ਸੁਸ਼ੀਲ ਕੁਮਾਰ ਰਿੰਕੂ ਨੂੰ ਲੋਕ ਸਭਾ ਜ਼ਿਮਨੀ ਚੋਣਾਂ ਭਾਰੀ ਵੋਟਾਂ ਦੇ ਫਰਕ ਨਾਲ ਜਿਤਾ ਕੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵਿੱਚ ਆਪਣਾ ਵਿਸ਼ਵਾਸ ਪ੍ਰਗਟ ਕੀਤਾ ਹੈ। ਹੁਣ ਸਾਡਾ ਫਰਜ਼ ਬਣਦਾ ਹੈ ਕਿ ਸ਼ਹਿਰ ਨੂੰ ਸੂਬੇ ਦੇ ਮੋਹਰੀ ਸ਼ਹਿਰਾਂ ਵਿੱਚੋਂ ਇੱਕ ਬਣਾ ਕੇ ਜਲੰਧਰ ਦੇ ਲੋਕਾਂ ਦੀਆਂ ਉਮੀਦਾਂ ਨੂੰ ਪੂਰਾ ਕਰੀਏ ।ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਜਲੰਧਰ ਜ਼ਿਲ੍ਹੇ ਨੂੰ ਪੰਜਾਬ ਕੈਬਨਿਟ ਵਿੱਚ ਥਾਂ ਦਿੱਤੀ ਗਈ ਹੈ, ਜਿਸ ਸਦਕਾ ਸ਼ਹਿਰ ਦੇ ਵਿਕਾਸ ਨੂੰ ਹੋਰ ਹੁਲਾਰਾ ਮਿਲੇਗਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਚੇਅਰਪਰਸਨ ਪੰਜਾਬ ਰਾਜ ਕੰਟੇਨਰ ਅਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਰਾਜਵਿੰਦਰ ਕੌਰ ਥਿਆੜਾ, ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਅੰਮ੍ਰਿਤਪਾਲ ਸਿੰਘ, ਆਮ ਆਦਮੀ ਪਾਰਟੀ ਦੇ ਆਗੂ ਸੁਰਿੰਦਰ ਸਿੰਘ ਸੋਢੀ, ਦਿਨੇਸ਼ ਢੱਲ ਅਤੇ ਮਹਿੰਦਰ ਭਗਤ ਆਦਿ ਵੀ ਮੌਜੂਦ ਸਨ।

ਰੇਲ ਗੱਡੀ ਦੀ ਫੇਟ ਵੱਜਣ ਕਾਰਨ ਜ਼ਖ਼ਮੀ

ਫਿਲੌਰ- ਇਕ 40-42 ਸਾਲਾ ਵਿਅਕਤੀ ਰੇਲ ਗੱਡੀ ਦੀ ਫੇਟ ਵੱਜਣ ਕਾਰਨ ਬੁਰੀ ਤਰ੍ਹਾਂ ਜਖਮੀ ਹੋ ਗਿਆ। ਉਸ ਦੀ ਇਕ ਲੱਤ ਬੁਰੀ ਤਰ੍ਹਾਂ ਨੁਕਸਾਨੀ ਗਈ ਹੈ। ਪੁਲਸ ਚੌਕੀ ਫਿਲੌਰ ਇੰਚਾਰਜ ਥਾਣੇਦਾਰ ਸਤਨਾਮ ਸਿੰਘ ਅਤੇ ਸਿਪਾਹੀ ਰਾਜਿੰਦਰ ਕੁਮਾਰ ਨੇ ਦੱਸਿਆ ਕਿ ਜ਼ਖ਼ਮੀ ਵਿਅਕਤੀ ਨੂੰ ਸਿਵਲ ਹਸਪਤਾਲ 108 ਐਂਬੂਲੈਂਸ ਰਾਹੀਂ ਪਹੁੰਚਾਇਆ ਗਿਆ ਜਿਥੇ ਡਾਕਟਰਾਂ ਨੇ ਉਸਨੂੰ ਮੁੱਢਲੀ ਸਹਾਇਤਾ ਦੇਣ ਉਪਰੰਤ ਸਿਵਲ ਹਸਪਤਾਲ ਜਲੰਧਰ ਭੇਜ ਦਿੱਤਾ।

ਜਖਮੀ ਵਿਅਕਤੀ ਦਾ ਨਾਂਅ ਨੰਨੇ (40-42) ਹਾਲ ਵਾਸੀ ਅਪਰਾ ਇਥੇ ਦਿਹਾੜੀ ਕਰਨ ਆਇਆ ਸੀ। ਉਸ ਦੇ ਵਾਰਸਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ।

ਸੇਵਾ ਮੁਕਤੀ ਮੌਕੇ ਗੁਰਿੰਦਰ ਸਿੰਘ ਕਲਸੀ ਦਾ ਲੁਠੇੜੀ ਸਕੂਲ ਵੱਲੋਂ ਸਨਮਾਨ

ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ) ਨਜਦੀਕੀ ਪਿੰਡ ਲੁਠੇੜੀ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾ ਸਾਇੰਸ ਮਾਸਟਰ ਅਤੇ ਉੱਘੇ ਸਾਹਿਤਕਾਰ ਗੁਰਿੰਦਰ ਸਿੰਘ ਕਲਸੀ ਦੀ ਸੇਵਾਮਕਤੀ ਮੌਕੇ ਸਮੂਹ ਸਟਾਫ, ਪਤਵੰਤਿਆਂ ਅਤੇ ਵਿਦਿਆਰਥੀਆਂ ਵੱਲੋਂ ਪ੍ਰਿੰਸੀਪਲ ਇੰਦਰਜੀਤ ਕੌਰ ਦੀ ਅਗਵਾਈ ਵਿੱਚ ਸਨਮਾਨ ਸਮਾਗਮ ਰਚਾ ਕੇ ਉਨ੍ਹਾਂ ਨੂੰ ਨਿੱਘੀ ਵਿਦਾਇਗੀ ਦਿੱਤੀ। ਉਪਰੰਤ ਅਮਨਪ੍ਰੀਤ ਕੌਰ ਸਾਇੰਸ ਅਧਿਆਪਕਾ ਨੇ ਮਾਣ ਪੱਤਰ ਪੜ੍ਹਿਆ। ਸਮਾਗਮ ਦੌਰਾਨ ਆਪਣੇ ਸੰਬੋਧਨ ਦੌਰਾਨ ਪ੍ਰਿੰਸੀਪਲ ਸ੍ਰੀਮਤੀ ਇੰਦਰਜੀਤ ਕੌਰ ਨੇ ਸੰਸਥਾ ਵਿੱਚ ਨਿਭਾਈ ਗਰਿੰਦਰ ਸਿੰਘ ਕਲਸੀ ਦੀ ਸਾਨਦਾਰ ਸੇਵਾ ਦੀ ਸਲਾਘਾ ਕਰਦਿਆਂ ਕਿਹਾ ਕਿ ਗੁਰਿੰਦਰ ਸਿੰਘ ਕਲਸੀ ਪ੍ਰਤੀਬੱਧ ਅਧਿਆਪਨ ਦੀ ਬਿਹਤਰੀਨ ਮਿਸਾਲ ਹਨ। ਲੈਕਚਰਾਰ (ਰਿਟਾ.) ਲਛਮਣ ਸਿੰਘ, ਧਰਮਿੰਦਰ ਸਿੰਘ ਭੰਗੂ ਆਦਿ ਨੇ ਗੁਰਿੰਦਰ ਸਿੰਘ ਕਲਸੀ ਨਾਲ ਜੁੜੀਆਂ ਯਾਦਾਂ ਨੂੰ ਸਾਂਝੀਆਂ ਕੀਤੀਆਂ। ਇਸ ਮੌਕੇ ਉਨ੍ਹਾਂ ਦੇ ਪਰਵਰਕ ਮੈਂਬਰਾਂ ਬੇਟੀ ਨਵਜੋਤ ਕੌਰ, ਦਾਮਾਦ ਡਾ ਤੇਜਵੀਰ ਸਿੰਘ, ਅਤੇ ਨਜਦੀਕੀ ਰਿਸਤੇਦਾਰ ਜਸਵਿੰਦਰ ਸਿੰਘ ਨੇ ਵੀ ਸੰਬੋਧਨ ਕੀਤਾ। ਅੰਤ ਵਿੱਚ ਸਕੂਲ ਸਟਾਫ ਵੱਲੋਂ ਗੁਰਿੰਦਰ ਸਿੰਘ ਕਲਸੀ ਨੂੰ ਸੋਨੇ ਦੀ ਮੁੰਦਰੀ, ਮਾਣ ਪੱਤਰ, ਲੋਈ ਅਤੇ ਉਨ੍ਹਾਂ ਦੀ ਪਤਨੀ ਸਰਨਜੀਤ ਕੌਰ ਨੂੰ ਸਾਲ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਗਮ ਦੇ ਅੰਤ ਵਿਚ ਗੁਰਿੰਦਰ ਸਿੰਘ ਕਲਸੀ ਨੇ ਆਪਣੇ ਕੁੰਜੀਵਤ ਭਾਸ਼ਣ ਦੌਰਾਨ ਵਿਦਿਆਰਥੀਆਂ ਨੂੰ ਅੱਗੇ ਵਧਣ ਦੇ ਮੌਕਿਆਂ ਦੀ ਪਹਿਚਾਣ ਕਰਨ ਅਤੇ ਚੰਗੀ ਸੰਗਤ ਨਾਲ ਸਫਲਤਾ ਹਾਸਲ ਕਰਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਨੰਬਰਦਾਰ ਗੁਰਦੇਵ ਸਿੰਘ, ਸਰਪੰਚ ਟਹਿਲ ਸਿੰਘ, ਬੇਟੀ ਮਨਜੋਤ ਕੌਰ ਦੇ ਨਾਲ ਸਕੂਲ ਸਟਾਫ ਵਿਚ ਲੈਕ ਦਵਿੰਦਰ ਸਿੰਘ ਮਕੜੌਨਾ, ਮਧੂ ਬਾਲਾ, ਸਰੀਨਾ ਰਾਏ, ਡਾ ਬਲਜੀਤ ਕੌਰ, ਕੁਲਦੀਪ ਕੌਰ, ਸਰੀਨਾ ਰਾਏ, ਮੋਨਿਕਾ ਸਰਮਾਂ, ਸੁਰਮੁੱਖ ਸਿੰਘ, ਲਖਵਿੰਦਰ ਸਿੰਘ, ਮਨਿੰਦਰ ਚੱਢਾ, ਜਸਵਿੰਦਰ ਕੌਰ, ਅਮਨਪ੍ਰੀਤ ਕੌਰ, ਵਰਿੰਦਰ ਵਰਮਾ, ਮੋਨਿਕਾ, ਗੁਰਬਾਜ ਸਿੰਘ, ਦਵਿੰਦਰਪਾਲ ਸਿੰਘ ਬਰਾੜ, ਮੋਨਿਕਾ, ਹਰਿੰਦਰ ਕੁਮਾਰ ਕਾਇਨੌਰ, ਗੁਰਮਿੰਦਰ ਸਿੰਘ ਹੁੰਦਲ, ਲਖਵੀਰ ਸਿੰਘ ਰੰਗੀਆਂ ਲਾਇਬਰੇਰੀਅਨ, ਸੁਸਮਿਤਾ ਅਤੇ ਸਤਪਾਲ ਸਿੰਘ ਸਮੇਤ ਸਮੂਹ ਵਿਦਿਆਰਥੀ ਹਾਜ਼ਰ ਸਨ।

ਭਜਨ ਸਿੰਘ ਨੂੰ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਫੀਲਡ ਮੁਲਾਜ਼ਮਾਂ ਵੱਲੋਂ ਨਿੱਘੀ ਵਿਦਾਇਗੀ

ਸ੍ਰੀ ਅਨੰਦਪੁਰ ਸਾਹਿਬ .(ਅਰਵਿੰਦਰ ਸਿੰਘ ਬਿੰਦੀ)—ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ ਪੰਜਾਬ ਦੀ ਬ੍ਰਾਂਚ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਦਸ਼ਮੇਸ਼ ਅਕਾਡਮੀ ਵਿਖੇ ਇੱਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਭਜਨ ਸਿੰਘ ਟੈਕਨੀਸ਼ੀਅਨ ਗ੍ਰੇਡ 2 ਨੂੰ ਉਨ੍ਹਾਂ ਦੀ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵਿੱਚੋਂ 33 ਸਾਲਾਂ ਦੀ ਬੇਦਾਗ ਸੇਵਾ ਤੋਂ ਬਾਅਦ ਟੈਕਨੀਸ਼ੀਅਨ ਗਰੇਡ 2 ਦੇ ਅਹੁਦੇ ਤੋਂ ਸੇਵਾਮੁਕਤ ਹੋਣ 'ਤੇ ਨਿੱਘੀ ਵਿਦਾਇਗੀ ਦਿੱਤੀ ਗਈ। ਇਸ ਸਮਾਗਮ ਵਿੱਚ ਫੀਲਡ ਮੁਲਾਜ਼ਮਾਂ ਦੀ ਜੱਥੇਬੰਦੀ ਟੈਕਨੀਕਲ ਐਂਡ ਮਕੈਨੀਕਲ ਇੰਪਲਾਇਜ਼ ਯੂਨੀਅਨ ਬ੍ਰਾਂਚ ਸ੍ਰੀ ਅਨੰਦਪੁਰ ਸਾਹਿਬ, ਰੋਪੜ ਦੇ ਆਗੂਆਂ ਤੋਂ ਇਲਾਵਾ ਸੁਬਾਈ ਤੇ ਜੋਨ ਪੱਧਰੀ ਆਗੂ ਸ਼ਾਮਿਲ ਹੋਏ। ਸਮਾਗਮ ਦੌਰਾਨ ਸਬੋਧਨ ਕਰਦਿਆਂ ਜੋਨ ਪ੍ਰਧਾਨ ਮਲਾਗਰ ਸਿੰਘ ਖਮਾਣੋਂ ਨੇ ਕਿਹਾ ਕਿ ਭਜਨ ਸਿੰਘ ਨੇ 21 ਸਾਲ ਦਿਹਾੜੀਦਾਰ ਨੌਕਰੀ ਦਾ ਸੰਤਾਪ ਭੋਗ ਕੇ ਲੰਮੇ ਸੰਘਰਸ਼ ਉਪਰੰਤ ਸਾਲ 2011 ਵਿੱਚ ਸਮੁੱਚੇ ਸਾਥੀਆਂ ਨਾਲ ਰੈਗੂਲਰ ਹੋਏ। ਇਨ੍ਹਾਂ ਸਮੁੱਚੇ ਫੀਲਡ ਮੁਲਾਜ਼ਮਾਂ ਵਲੋਂ ਲੰਮੀ ਕਾਨੂੰਨੀ ਅਤੇ ਜਥੇਬੰਦਕ ਸੰਘਰਸ਼ਾਂ ਵਿੱਚ ਭਰਪੂਰ ਯੋਗਦਾਨ ਪਾਇਆ ਅਤੇ ਜਿੱਥੇ ਰੈਗੂਲਰ ਹੋਏ ਉੱਥੇ ਪੁਰਾਣੀ ਪੈਨਸ਼ਨ ਦੀ ਪ੍ਰਾਪਤੀ ਕੀਤੀ। ਬ੍ਰਾਂਚ ਪ੍ਰਧਾਨ ਜਗਤਾਰ ਸਿੰਘ ਮਹੈਣ ਨੇ ਕਿਹਾ ਕਿ ਇਨ੍ਹਾਂ ਜਿੱਥੇ ਵਿਭਾਗੀ ਜੀਵਨ ਵਿੱਚ ਸੰਘਰਸ਼ਸ਼ੀਲ ਰਹੇ ਉੱਥੇ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਦੀ ਡਿਊਟੀ ਨੂੰ ਇਮਾਨਦਾਰੀ ਨਾਲ ਨਿਭਾਇਆ ਅੱਜ ਭਾਵੇਂ ਲੋਕਾਂ ਤੇ ਮੁਲਾਜ਼ਮਾਂ ਠੇਕਾ ਕਮਿਆ ਕੇਂਦਰੀ ਤੇ ਸੂਬਾਈ ਸਰਕਾਰਾਂ ਨੇ ਕਾਰਪੋਰੇਟ ਘਰਾਣਿਆਂ ਦੇ ਪੱਖ ਵਿੱਚ ਲਾਗੂ ਕੀਤੀਆਂ ਜਾ ਰਹੀਆਂ ਨੀਤੀਆਂ ਕਾਰਨ ਨਾ ਨੌਕਰੀ ਪੱਕੀ ਹੈ ਅਤੇ ਨਾ ਹੀ ਪੈਨਸ਼ਨ ਜਿਸ ਕਾਰਨ ਜੇਕਰ ਸਮੁੱਚੇ ਮੁਲਾਜ਼ਮਾਂ ਨੇ ਸਾਂਝੇ ਸੰਘਰਸ਼ਾਂ ਦੇ ਪਿੜ ਨਾ ਮੱਲੇ ਤਾਂ ਮੁਲਾਜਮਾਂ ਦਾ ਭਵਿੱਖ ਸੁਰੱਖਿਅਤ ਨਹੀਂ ਹੈ। ਇਸ ਮੌਕੇ ਜੱਥੇਬੰਦੀ ਸਮੇਤ ਫੀਲਡ ਮੁਲਾਜ਼ਮਾਂ ਵੱਲੋਂ ਭਜਨ ਸਿੰਘ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਹਰਮੀਤ ਸਿੰਘ ਰੋਪੜ, ਹਰਭਜਨ ਸਿੰਘ, ਨਰੈਜਣ ਸਿੰਘ, ਜਸਵੰਤ ਸਿੰਘ, ਜਸਵਿੰਦਰ ਸਿੰਘ ਬੱਡਲ, ਮੂਲ ਰਾਜ, ਰਾਮ ਸਿੰਘ, ਗੁਰਦਿਆਲ ਚੰਦ ਆਦਿ ਹਾਜਰ ਸਨ।

ਕਰਤਾਰ ਸਿੰਘ ਸਰਾਭਾ ਦੀ ਯਾਦ 'ਚ ਕੋਰੀਓਗ੍ਰਾਫੀ ਤੇ ਨਾਟਕ ਮੇਲਾ ਕਰਵਾਇਆ

ਫਿਲੌਰ (ਨਿਰਮਲ)- ਬਾਬਾ ਹੰਸਾ ਸਿੰਘ ਸਪੋਰਟਸ ਐਂਡ ਕਲਚਰਲ ਚੈਰੀਟੇਬਲ ਟਰੱਸਟ ਬੱਛੋਵਾਲ (ਫਿਲੌਰ) ਵਿਖੇ ਬਾਬਾ ਹੰਸਾ ਸਿੰਘ ਅਤੇ ਢੇਸੀ ਪਰਵਾਰ ਵਲੋਂ ਰਤਾਰ ਸਿੰਘ ਸਰਾਭਾ ਦੀ ਯਾਦ ਨੂੰ ਸਮਰਪਿਤ ਨਾਟਕ ਅਤੇ ਕੋਰੀਓਗ੍ਰਾਫੀ ਕਰਵਾਇਆ ਗਿਆ। ਜਿਸ ਵਿੱਚ ਅਜਾਦ ਰੰਗਮੰਚ ਕਲਾ ਭਵਨ ਫਗਵਾੜਾ ਵਲੋਂ ਨਾਟਕ ਤੇ ਕੋਰੀਓਗ੍ਰਾਫੀ ਪੇਸ਼ ਕੀਤੀਆਂ। ਹਰਜੀਤ ਸਿੰਘ ਢੇਸੀ ਪ੍ਰਧਾਨ ਜ਼ਿਲ੍ਹਾ ਜਲੰਧਰ ਬੀ.ਕੇ.ਯੂ. ਦੋਆਬਾ ਨੇ ਕਿਹਾ

3-JUNE-PAGE-10.qxd 6/2/2023 10:29 PM Page 1

ਆਂਗਣਵਾੜੀ ਕੇਂਦਰਾਂ 'ਚ ਬੁਨਿਆਦੀ ਸਹੂਲਤਾਂ ਦੀ ਪੂਰਤੀ ਲਈ ਰੋਸ ਧਰਨਾ

ਭਵਿੱਖ 'ਚ ਸੰਘਰਸ਼ ਹੋਰ ਤਿੱਖਾ ਕਰਾਂਗੇ : ਰਣਜੀਤ ਕੌਰ ਬਰੇਟਾ

ਬੁਢਲਾਡਾ/ਬਰੇਟਾ, (ਅਸ਼ੋਕ ਲਾਕੜਾ/ਗੋਬਿੰਦ ਸ਼ਰਮਾ)-ਇੱਥੇ ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਪੰਜਾਬ ਬਲਾਕ ਬੁਢਲਾਡਾ ਦੀ ਇਕਾਈ ਵੱਲੋਂ ਜ਼ਿਲ੍ਹਾ ਪ੍ਰਧਾਨ ਰਣਜੀਤ ਕੌਰ ਬਰੇਟਾ ਦੀ ਅਗਵਾਈ ਵਿੱਚ ਸਥਾਨਕ ਸੀ.ਡੀ.ਪੀ.ਓ. ਦਫਤਰ ਵਿਖੇ ਰੋਸ ਧਰਨਾ ਦਿੱਤਾ ਗਿਆ। ਧਰਨਾਕਾਰੀ ਆਂਗਣਵਾੜੀ ਮੁਲਾਜ਼ਮਾਂ ਨੇ ਦੋਸ਼ ਲਾਇਆ ਕਿ ਕੇਂਦਰ ਤੇ ਪੰਜਾਬ ਸਰਕਾਰ ਆਂਗਣਵਾੜੀ ਕੇਂਦਰਾਂ ਨੂੰ ਲਗਾਤਾਰ ਅੱਖੋਂ ਪਰੋਖੇ ਕਰ ਰਹੀਆਂ ਹਨ।

ਇਸ ਮੌਕੇ ਜਥੇਬੰਦੀ ਦੀ ਜ਼ਿਲ੍ਹਾ ਮਾਨਸਾ ਦੀ ਪ੍ਰਧਾਨ ਰਣਜੀਤ ਕੌਰ ਬਰੇਟਾ, ਸਕੱਤਰ ਤੇਜਿੰਦਰ ਵਾਲੀਆ, ਪਰਵਿੰਦਰ ਕੌਰ ਤੇ ਖਜ਼ਾਨਚੀ ਡੇਜੀ ਗੁਪਤਾ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਦੋਸ਼ ਲਾਇਆ ਕਿ ਸੰਨ 1975 ਤੋਂ ਆਈ.ਸੀ.ਡੀ.ਐੱਸ. ਸਕੀਮ ਅਧੀਨ 6 ਸਾਲ ਤੱਕ ਦੇ ਬੱਚਿਆਂ ਦੇ ਚਹੁੰਪੱਖੀ ਵਿਕਾਸ ਲਈ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਪੂਰੀ ਤਨਦੇਹੀ ਨਾਲ ਕੰਮ ਕਰ ਰਹੀਆਂ ਹਨ ਅਤੇ ਅੰਕੜੇ ਇਸ ਦੀ ਗਵਾਹੀ ਭਰਦੇ ਹਨ ਕਿ ਇਸ ਸਕੀਮ ਨੇ ਬਾਵਜੂਦ ਆਂਗਣਵਾੜੀ ਕੇਂਦਰਾਂ ਵਿੱਚ ਬੁਨਿਆਦੀ ਸਹੂਲਤਾਂ ਦੀ ਘਾਟ ਦੇ ਸਾਰਥਿਕ ਨਤੀਜੇ ਕੱਢੇ ਹਨ। ਆਗੂਆਂ ਨੇ ਕਿਹਾ ਕਿ ਆਂਗਣਵਾੜੀ ਕੇਂਦਰ ਬੁਨਿਆਦੀ ਸਹੂਲਤਾਂ ਜਿਵੇਂ ਇਮਾਰਤਾਂ, ਪੀਣ ਦਾ ਪਾਣੀ, ਬਿਜਲੀ ਪ੍ਰਬੰਧ, ਪੱਖਿਆਂ, ਪਖਾਨਿਆਂ ਆਦਿ ਤੋਂ ਵਾਂਝੇ ਹਨ ਅਤੇ ਸਰਕਾਰਾਂ ਵੱਲੋਂ ਦਰੀਆਂ, ਭਾਂਡੇ ਵੀ ਲੰਬੇ ਸਮੇਂ ਤੋਂ ਨਹੀਂ ਮਿਲ ਰਹੇ। ਆਂਗਣਵਾੜੀ ਆਗੂਆਂ ਨੇ ਕਿਹਾ ਕਿ ਲਾਭਪਾਤਰੀਆਂ ਦੀ ਫੀਡ ਵਧਾਉਣ ਦੀ ਬਜਾਏ ਫੀਡ ਦੀ ਮਾਤਰਾ ਅੱਧੀ ਕਰ ਦਿੱਤੀ ਹੈ, ਹਾਲਾਂਕਿ ਖਾਧ ਪਦਾਰਥਾਂ ਦੀਆਂ ਕੀਮਤਾਂ 'ਚ ਭਾਰੀ ਵਾਧਾ ਹੋਇਆ ਹੈ। ਬੱਚਿਆਂ ਲਈ ਪ੍ਰੀ-ਸਕੂਲ ਕਿੱਟਾਂ ਲੰਬੇ ਸਮੇਂ ਤੋਂ ਨਹੀਂ ਖਰੀਦੀਆਂ ਗਈਆਂ। ਪੁੱਢਲੀ ਸਹਾਇਤਾ ਲਈ ਮੈਡੀਕਲ ਕਿੱਟਾਂ ਵੀ ਨਹੀਂ ਖਰੀਦੀਆਂ ਜਾ ਰਹੀਆਂ। ਪਿਛਲੇ ਤਿੰਨ ਮਹੀਨਿਆਂ ਤੋਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਮਾਣਭੱਤਾ ਵੀ ਨਹੀਂ ਦਿੱਤਾ ਗਿਆ, ਜਿਸ ਕਾਰਨ ਜ਼ਿਆਦਾਤਰ ਆਂਗਣਵਾੜੀ ਮੁਲਾਜ਼ਮਾਂ ਨੂੰ ਆਪਣਾ ਗੁਜ਼ਾਰਾ ਚਲਾਉਣਾ ਮੁਸ਼ਕਲ ਹੋ ਰਿਹਾ ਹੈ। ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰਾਂ ਨੇ ਆਂਗਣਵਾੜੀ ਕੇਂਦਰਾਂ ਵਿੱਚ ਇਨ੍ਹਾਂ ਬੁਨਿਆਦੀ ਸਹੂਲਤਾਂ ਨੂੰ ਪੂਰਾ ਨਾ ਕੀਤਾ ਤਾਂ ਜਥੇਬੰਦੀ ਵੱਲੋਂ ਭਵਿੱਖ ਵਿੱਚ ਸੰਘਰਸ਼ ਨੂੰ ਹੋਰ ਤਿੱਖੇ ਰੂਪ ਵਿੱਚ ਕੀਤਾ ਜਾਵੇਗਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਰਣਜੀਤ ਕੌਰ ਬਰੇਟਾ ਨੇ ਕਿਹਾ ਕਿ 10 ਜੁਲਾਈ ਮੰਗ ਦਿਵਸ ਨੂੰ ਦੇਸ਼ ਭਰ ਵਿੱਚ ਕਾਲੇ ਦਿਨ ਵਜੋਂ ਮਨਾਇਆ ਜਾਵੇਗਾ।

ਮੁੱਕਦਮੇ ਨੂੰ ਖਾਰਜ ਕਰਨ ਤੋਂ ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਦਿੱਲੀ ਖਫਾ !

ਮਾਮਲਾ ਮਾਂ-ਧੀ 'ਤੇ ਥਾਣੇ 'ਚ ਅੱਤਿਆਚਾਰ/ਕਰੰਟ ਲਗਾਉਣ ਦਾ

ਜਗਰਾਓਂ (ਅਮਿਤ ਖੰਨਾ)-ਅਨੁਸੂਚਿਤ ਜਾਤੀ ਨਾਲ ਸਬੰਧਤ ਮਾਂ-ਧੀ ਨੂੰ ਅੱਧੀ ਰਾਤ ਨੂੰ ਅਗਵਾ ਕਰਕੇ ਨਜਾਇਜ਼ ਹਿਰਾਸਤ 'ਚ ਰੱਖ ਕੇ ਅੱਤਿਆਚਾਰ ਕਰਨ ਤੇ ਧੀ ਨੂੰ ਕਰੰਟ ਲਗਾਉਣ ਸਬੰਧੀ ਕੌਮੀ ਐੱਸ. ਸੀ. ਕਮਿਸ਼ਨ ਵੱਲੋਂ ਤੱਤਕਾਲੀ ਥਾਣਾ ਮੁਖੀ, ਤੱਤਕਾਲੀ ਚੌਕੀ ਮੁਖੀ ਤੇ ਫਰਜ਼ੀ ਗਵਾਹ ਪੰਚ-ਸਰਪੰਚ ਖਿਲਾਫ ਦਰਜ ਕਰਾਏ ਮੁਕੱਦਮੇ ਨੂੰ ਖਾਰਜ ਕਰਨ ਸਬੰਧੀ ਸਖਤ ਨਰਾਜ਼ਗੀ ਜ਼ਾਹਰ ਕੀਤੀ ਗਈ ਹੈ। ਇਹ ਦਾਅਵਾ ਕਰਦਿਆਂ ਮੁਦਈ ਮੁਕੱਦਮਾ ਇਕਬਾਲ ਸਿੰਘ ਰਸੂਲਪੁਰ ਨੇ ਪ੍ਰੈੱਸ ਨੂੰ ਜਾਰੀ ਬਿਆਨ 'ਚ ਕਿਹਾ ਕਿ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਕਰੀਬ 14 ਮਹੀਨਿਆਂ ਤੋਂ ਕਿਰਤੀ ਕਿਸਾਨ ਯੂਨੀਅਨ ਤੇ ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ ਵੱਲੋਂ ਸਥਾਨਕ ਸਿਟੀ ਥਾਣੇ ਮੂਹਰੇ 23 ਮਾਰਚ 2022 ਤੋਂ ਅਣਮਿੱਥੇ ਸਮੇਂ ਦਾ ਧਰਨਾ ਲਗਾਇਆ ਹੋਇਆ ਹੈ। ਰਸੂਲਪੁਰ ਨੇ ਦੱਸਿਆ ਕਿ ਕੌਮੀ ਕਮਿਸ਼ਨ ਵੱਲੋਂ ਕ੍ਰਮਵਾਰ ਲੰਘੀ 27 ਫਰਵਰੀ, 20 ਮਾਰਚ ਤੇ 28 ਮਾਰਚ ਨੂੰ ਸੁਣਵਾਈ ਸਮੇਂ ਹਾਜ਼ਰ ਕ੍ਰਮਵਾਰ ਆਈ.ਜੀ. ਲੁਧਿਆਣਾ, ਏ.ਆਈ.ਜੀ. ਕ੍ਰਾਇਮ ਜਲੰਧਰ, ਐੱਸ.ਐੱਸ.ਪੀ. ਜਗਰਾਓਂ ਤੇ ਏ.ਡੀ.ਸੀ. ਲੁਧਿਆਣਾ ਨੂੰ ਨਿਰਦੇਸ਼ ਦਿੱਤੇ ਗਏ ਸਨ ਕਿ "ਐਕਟ ਦੇ ਸੈਕਸ਼ਨ 4 ਅਧੀਨ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਦੋਸ਼ ਪੱਤਰ ਅਦਾਲਤ 'ਚ ਪੇਸ਼ ਕੀਤਾ ਜਾਵੇ ਤੇ ਪੀੜਤ ਪਰਿਵਾਰ ਨੂੰ ਤੁਰੰਤ ਮੁਆਵਜ਼ਾ ਅਦਾ ਕੀਤਾ ਜਾਵੇ।" ਰਸੂਲਪੁਰ ਅਨੁਸਾਰ ਕੌਮੀ ਕਮਿਸ਼ਨ ਨੇ ਆਪਣਾ ਨਿਰਦੇਸ਼ ਲਾਗੂ ਕਰਵਾਉਣ ਲਈ ਮੁੱਖ ਸਕੱਤਰ ਪੰਜਾਬ ਸਰਕਾਰ ਨੂੰ ਵੀ ਲਿਖਿਆ ਸੀ। ਰਸੂਲਪੁਰ ਨੂੰ ਅੱਗੇ ਦੱਸਿਆ ਕਿ ਕਮਿਸ਼ਨ ਨੇ ਹੁਣ 29 ਮਈ ਨੂੰ ਕੀਤੀ ਸੁਣਵਾਈ ਸਮੇਂ ਹਾਜ਼ਰ ਉਕਤ ਪੁਲਸ ਅਧਿਕਾਰੀਆਂ ਦੇ ਪੱਖਪਾਤੀ ਵਤੀਰੇ ਪ੍ਰਤੀ ਸਖਤ ਨਰਾਜ਼ਗੀ ਜ਼ਾਹਰ ਕੀਤੀ ਤੇ ਮੌਕੇ 'ਤੇ ਹਾਜ਼ਰ ਏ.ਡੀ.ਸੀ. ਲੁਧਿਆਣਾ ਨੂੰ ਮੁਆਵਜ਼ੇ ਦੀ ਰਾਸ਼ੀ ਤੁਰੰਤ ਅਦਾ ਕਰਨ ਲਈ ਨਿਰਦੇਸ਼ ਦਿੱਤੇ ਹਨ। ਦੱਸਣਯੋਗ ਹੈ ਕਿ ਪੀੜਤ ਪਰਿਵਾਰ 2005 ਤੋਂ ਨਿਆਂ ਮੰਗਦਾ ਆ ਰਿਹਾ ਹੈ ਤੇ ਪੀੜਤ ਧੀ ਕੁਲਵੰਤ ਕੌਰ ਦੀ ਦਸੰਬਰ 2021 'ਚ ਹੋਈ ਮੌਤ ਉਪਰੰਤ ਉਕਤ ਦੋਸ਼ੀਆਂ ਖਿਲਾਫ ਸੰਗੀਨ ਧਾਰਾਵਾਂ ਅਧੀਨ ਮੁਕੱਦਮਾ ਦਰਜ ਕੀਤਾ ਗਿਆ ਸੀ, ਪਰ ਗੈਰ-ਜ਼ਮਾਨਤੀ ਧਰਾਵਾਂ ਲਗਾਉਣ ਦੇ ਬਾਵਜੂਦ ਦੋਸ਼ੀਆਂ ਦੀ ਗ੍ਰਿਫਤਾਰੀ ਨਹੀਂ ਕੀਤੀ ਗਈ, ਜਿਸ ਕਾਰਨ ਹੀ ਕਮਿਸ਼ਨ ਨੇ ਝਾੜ ਪਾਈ ਹੈ।

ਬੀ ਕੇ ਯੂ ਏਕਤਾ ਡਕੌਂਦਾ ਨੇ ਮੋਦੀ ਤੇ ਬ੍ਰਿਜ ਭੂਸ਼ਣ ਦਾ ਪੁਤਲਾ ਫੂਕਿਆ

ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)-ਭਾਰਤੀ ਕਿਸਾਨ ਏਕਤਾ ਡਕੌਂਦਾ ਬਲਾਕ ਗੁਰੂ ਹਰਸਹਾਏ ਨੇ ਮੰਡੀ ਪੰਜੇ ਕੇ ਉਤਾੜ ਵਿੱਚ ਪਹਿਲਵਾਨਾਂ ਦੇ ਹੱਕ ਮੋਦੀ ਤੇ ਬ੍ਰਿਜ ਭੂਸ਼ਨ ਦਾ ਪੁਤਲਾ ਫੂਕਿਆ। ਪੂਰਨ ਚੰਦ ਬਲਾਕ ਪ੍ਰਧਾਨ ਤੇ ਸੁਖਦੇਵ ਢੋਟ ਬਲਾਕ ਸਕੱਤਰ, ਸਤਨਾਮ ਚੰਦ ਸੰਧਾ ਖਸ਼ਾਨਚੀ ਤੇ ਮੰਗਲ ਦਾਸ ਪ੍ਰੈੱਸ ਸਕੱਤਰ ਦੀ ਅਗਵਾਈ ਵਿੱਚ ਮੋਦੀ ਤੇ ਬ੍ਰਿਜ ਭੂਸ਼ਨ ਦਾ ਪੁਤਲਾ ਫੂਕਿਆ ਗਿਆ।

ਇਸ ਦੌਰਾਨ ਕਿਸਾਨ ਆਗੂਆਂ ਨੇ ਕਿਹਾ ਕਿ ਸਾਡੇ ਦੇਸ਼ ਦੀ ਆਨ, ਬਾਨ ਤੇ ਸ਼ਾਨ ਪਹਿਲਵਾਨ ਕੁੜੀਆਂ ਆਪਣੇ 'ਤੇ ਤਸ਼ੱਦਦ ਦਾ ਇਨਸਾਫ ਲੈਣ ਲਈ ਜੰਤਰ ਮੰਤਰ 'ਤੇ ਲੰਮੇ ਸਮੇਂ ਤੋਂ ਧਰਨਾ ਦੇ ਰਹੀਆਂ ਸਨ, ਜਿਨ੍ਹਾਂ ਨੂੰ ਮੋਦੀ ਸਰਕਾਰ ਨੇ ਚੁੱਕਵਾ ਕੇ ਜੇਲ੍ਹਾਂ ਵਿੱਚ ਸੁੱਟਿਆ, ਬਹੁਤ ਨਿੰਦਣਯੋਗ ਘਟਨਾ ਹੈ। ਮੋਦੀ ਸਰਕਾਰ ਬਲਾਤਕਾਰੀ ਬ੍ਰਿਜ ਭੂਸ਼ਨ ਦਾ ਲਗਾਤਾਰ ਬਚਾਅ ਕਰ ਰਹੀ ਤੇ ਉਸ ਨੂੰ ਆਪਣੇ ਆਹੁਦੇ 'ਤੇ ਬਰਕਰਾਰ ਰੱਖਿਆ ਹੋਇਆ ਹੈ ਅਤੇ ਉਲਟਾ ਬ੍ਰਿਜ ਭੂਸ਼ਨ ਪਹਿਲਵਾਨ ਕੁੜੀਆਂ ਨੂੰ ਟਿਚਰਾਂ ਕਰ ਰਿਹਾ ਹੈ। ਅਸੀਂ ਇਸ ਦੀ ਪੁਰਜ਼ੋਰ ਨਿੰਦਿਆ ਕਰਦੇ ਹਾਂ ਤੇ ਮੰਗ ਕਰਦੇ ਹਾਂ ਕਿ ਬ੍ਰਿਜ ਭੂਸ਼ਨ ਨੂੰ ਤੁਰੰਤ ਆਪਣੇ ਅਹੁਦੇ ਤੋਂ ਹਟਾ ਕੇ ਜੇਲ੍ਹ 'ਚ ਸੁੱਟਿਆ ਜਾਵੇ, ਨਹੀਂ ਤਾਂ ਮੋਦੀ ਸਰਕਾਰ ਨੂੰ ਇਸ ਦੇ ਗੰਭੀਰ ਨਤੀਜੇ ਭੁਗਤਣੇ ਪੈਣਗੇ।

ਇਸ ਸਮੇਂ ਬਗੀਚਾ ਸਿੰਘ ਜ਼ਿਲ੍ਹਾ ਮੈਂਬਰ, ਸਤਨਾਮ ਚੰਦ ਪ੍ਰਧਾਨ ਪੰਜੇ ਕੇ, ਖੇਮ ਚੰਦ ਪ੍ਰਧਾਨ ਬਹਾਦਰ ਕੇ, ਗੁਰਦਿਆਲ ਪ੍ਰਧਾਨ ਸੈਦੇ ਕੇ, ਮਲਕੀਤ ਸਿੰਘ, ਸੋਹਣ ਸਿੰਘ, ਸੁਖਦਿਆਲ ਨੰਬਰਦਾਰ, ਰਮੇਸ਼ ਕੁਮਾਰ, ਬੂੜ ਸਿੰਘ, ਨਰਿੰਜਨ ਰਾਮ, ਵਿੱਕੀ ਸ਼ਰਮਾ, ਚੰਦਰ ਭਾਨ ਹਾਜੀ ਬੇਟੂ ਤੇ ਹੋਰ ਬਹੁਤ ਸਾਰੇ ਕਿਸਾਨ ਹਾਜ਼ਰ ਸਨ।

ਕਾਤਰਾਂ

ਸਤੀਸ਼ ਸਿੰਗਲਾ ਮਾਰਕਿਟ ਕਮੇਟੀ ਦੇ ਚੇਅਰਮੈਨ ਨਿਯੁਕਤ

ਬੁੱਢਲਾਡਾ (ਅਸ਼ੋਕ ਲਾਕੜਾ)-ਪੰਜਾਬ ਸਰਕਾਰ ਵੱਲੋਂ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਅੰਦਰ ਮਾਰਕਿਟ ਕਮੇਟੀਆਂ ਦੇ ਚੇਅਰਮੈਨਾਂ ਦੀ ਨਿਯੁਕਤੀ ਕੀਤੀ ਗਈ ਹੈ, ਜਿਸ ਵਿੱਚ ਹਲਕਾ ਬੁਢਲਾਡਾ ਅਧੀਨ ਆਉਂਦੀ ਮਾਰਕਿਟ ਕਮੇਟੀ ਬੁਢਲਾਡਾ ਦਾ ਚੇਅਰਮੈਨ ਸ਼ਹਿਰ ਵਾਸੀ ਸਤੀਸ਼ ਸਿੰਗਲਾ ਨੂੰ ਨਿਯੁਕਤ ਕੀਤਾ ਗਿਆ ਹੈ ਤੇ ਇਸ ਮੌਕੇ ਸਤੀਸ਼ ਸਿੰਗਲਾ ਨੇ ਹਲਕਾ ਵਿਧਾਇਕ ਪ੍ਰਿੰਸੀਪਲ ਬੁੱਧਰਾਮ ਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ। ਇਸ ਮੌਕੇ ਨਗਰ ਕੌਂਸਲ ਦੇ ਪ੍ਰਧਾਨ ਸੁਖਪਾਲ ਸਿੰਘ, ਨਗਰ ਕੌਂਸਲ ਮੀਤ ਪ੍ਰਧਾਨ ਸੁਖਦੀਪ ਸਿੰਘ, ਐੱਮ ਸੀ ਪ੍ਰੇਮ ਗਰਗ ਤੇ ਕਾਲਾ ਸਤੋਜੀਆ ਹਾਜ਼ਰ ਸਨ।

ਨਕਲ ਨਾ ਕਰਨ ਦੀ ਸਹੁੰ ਖਾਧੀ

ਬਰੇਟਾ (ਗੀਤਵਾਲ)-ਸਥਾਨਕ ਮਿਲਖਾ ਸਿੰਘ ਐਜੂਕੇਸ਼ਨਲ ਇੰਸਟੀਚਿਊਟ ਵਿਖੇ ਸਾਲਾਨਾ ਪ੍ਰੀਖਿਆਵਾਂ ਚੱਲ ਰਹੀਆਂ ਹਨ, ਜਿਸ ਵਿੱਚ ਸੈਸ਼ਨ 2021-23 ਤੇ 2022-24 ਦੇ ਵਿਦਿਆਰਥੀਆਂ ਨੇ ਇਹ ਸਹੁੰ ਖਾਧੀ ਕਿ ਨਾ ਅਸੀਂ ਨਕਲ ਖੁਦ ਕਰਾਂਗੇ ਤੇ ਨਾ ਹੀ ਅੱਗੇ ਅਧਿਆਪਕ ਬਣ ਕੇ ਕਿਸੇ ਨੂੰ ਨਕਲ ਕਰਨ ਦੇਵਾਂਗੇ। ਇਹ ਨਕਲ ਦਾ ਕੋਹੜ ਅਸੀਂ ਸਮਾਜ ਵਿੱਚੋਂ ਕੱਟ ਦੇਵਾਂਗੇ। ਇਸ ਸਬੰਧੀ ਪ੍ਰਿੰਸੀਪਲ ਡਾ. ਪੁਸ਼ਕਿਤ ਗੁਪਤਾ ਨੇ ਵਿਦਿਆਰਥੀਆਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ ਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਪ੍ਰਮਾਤਮਾ ਪਾਸੋਂ ਅਰਦਾਸ ਕੀਤੀ ਅਤੇ ਅਧਿਆਪਕ ਬਣ ਕੇ ਸਮਾਜ ਲਈ ਚੰਗੇ ਗੁਣ ਧਾਰਨ ਕਰਨ ਦਾ ਉਪਰਾਲਾ ਕਰਨ ਲਈ ਕਿਹਾ।

ਸੱਤਪਾਲ ਸਿੰਘ ਭੱਟੀ ਕੋਆਰਡੀਨੇਟਰ ਨਿਯੁਕਤ

ਮੁੱਲਾਂਪੁਰ ਦਾਖਾ (ਪੱਤਰ ਪ੍ਰੇਰਕ)-ਪੰਜਾਬ ਪੈਨਸ਼ਨਰ ਯੂਨੀਅਨ ਦੇ ਪ੍ਰਧਾਨ ਗੁਰਮੇਲ ਸਿੰਘ ਮੈਡਲੇ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੈਨਸ਼ਨਰ ਯੂਨੀਅਨ ਕਪੂਰਥਲਾ ਦੀ ਚੋਣ ਵਿੱਚ ਸ਼੍ਰੀ ਸੱਤਪਾਲ ਸਿੰਘ ਭੱਟੀ ਨੂੰ ਕੁਆਰਡੀਨੇਟਰ ਨਿਯੁਕਤ ਕਰ ਦਿੱਤਾ ਗਿਆ ਹੈ। ਜਲਦ ਹੀ ਜ਼ਿਲ੍ਹਾ ਕਪੂਰਥਲਾ ਦੀ ਚੋਣ ਵੀ ਕਰਵਾ ਦਿੱਤੀ ਜਾਵੇਗੀ।

ਲਾਇਨਜ਼ ਕਲੱਬ ਨੇ ਲੋੜਵੰਦ ਮਰੀਜ਼ ਦੇ ਪਿੱਤੇ ਦਾ ਆਪ੍ਰੇਸ਼ਨ ਕਰਵਾਇਆ

ਕੋਟਕਪੂਰਾ (ਰਛਪਾਲ ਭੁੱਲਰ)-ਕੋਟਕਪੂਰਾ ਵਿਸ਼ਵਾਸ ਲਾਇਨਜ਼ ਕਲੱਬ ਨੇ ਪ੍ਰਧਾਨ ਸੰਦੀਪ ਕੌੜਾ ਦੀ ਅਗਵਾਈ ਵਿੱਚ ਸ੍ਰ. ਕਰਤਾਰ ਸਿੰਘ ਬਰਹਾਇਆ ਨਿਵਾਸੀ ਗਲਾਸਗੋ ਸਕਾਟਲੈਂਡ ਯੂ ਕੇ ਦੁਆਰਾ ਭੇਜੀ ਰਾਸ਼ੀ ਨਾਲ ਲੋੜਵੰਦ ਔਰਤ ਦੇ ਪਿੱਤੇ ਦਾ ਆਪ੍ਰੇਸ਼ਨ ਕਰਵਾਇਆ ਗਿਆ। ਕਲੱਬ ਦੇ ਅਹੁਦੇਦਾਰ ਡਾ. ਸ਼ਾਮ ਜੀ ਨੂੰ ਖਰਚ ਦੀ ਰਕਮ ਅਦਾ ਕਰਨ ਮੌਕੇ ਹਾਜ਼ਰ ਐੱਮ ਜੇ ਐੱਫ ਲਾਇਨ ਗੁਰਦੀਪ ਸਿੰਘ ਜ਼ੋਨ ਚੇਅਰਮੈਨ, ਰਛਪਾਲ ਸਿੰਘ ਭੁੱਲਰ ਪੀ ਆਰ ਓ, ਮਨਮੋਹਨ ਕ੍ਰਿਸ਼ਨ ਗੋਇਲ ਖਜ਼ਾਨਚੀ, ਵਿਕਰਾਂਤ ਧੀਰਾਂੜਾ ਸਕੱਤਰ ਹਾਜ਼ਰ ਸਨ, ਜਦਕਿ ਲਾਇਨ ਰਜਿੰਦਰ ਸਿੰਘ ਸਰਾਂ ਕੈਬਨਿਟ ਮੈਂਬਰ ਨੇ ਨਿਊਜ਼ੀਲੈਂਡ ਤੋਂ ਇਸ ਲਈ ਪ੍ਰੇਰਿਆ। ਸਾਰਿਆਂ ਨੇ ਬਰਹਾਇਆ ਪਰਿਵਾਰ ਦੇ ਇਸ ਨੇਕ ਕਾਰਜ ਲਈ ਪ੍ਰਸ਼ੰਸਾ ਕੀਤੀ ਤੇ ਚੜ੍ਹਦੀ ਕਲਾ ਲਈ ਅਰਦਾਸ ਕੀਤੀ।

ਬਾਬਾ ਫ਼ਰੀਦ ਸੀਨੀ. ਸੈਕੰ. ਸਕੂਲ ਦਾ ਨਤੀਜਾ ਸ਼ਾਨਦਾਰ

ਬਠਿੰਡਾ, (ਪਰਵਿੰਦਰ ਜੀਤ ਸਿੰਘ)-ਬਾਬਾ ਫ਼ਰੀਦ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਲਈ ਇਹ ਮਾਣ ਵਾਲੀ ਗੱਲ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ, ਮੁਹਾਲੀ ਵੱਲੋਂ ਐਲਾਨੇ ਗਏ ਬਾਰਵੀਂ ਜਮਾਤ ਦੇ ਨਤੀਜਿਆਂ ਵਿੱਚ ਹਰ ਵਾਰ ਦੀ ਤਰ੍ਹਾਂ ਬਾਬਾ ਫ਼ਰੀਦ ਸੀਨੀਅਰ ਸੈਕੰਡਰੀ ਸਕੂਲ ਬਠਿੰਡਾ (ਬੀ. ਐਫ. ਐਸ. ਐਸ. ਐਸ.) ਦੇ ਵਿਦਿਆਰਥੀਆਂ ਨੇ ਸ਼ਾਨਦਾਰ ਨਤੀਜੇ ਪ੍ਰਾਪਤ ਕੀਤੇ ਹਨ। ਸਕੂਲ ਦਾ ਓਵਰਆਲ ਨਤੀਜਾ ਸ਼ਾਨਦਾਰ ਰਿਹਾ ਹੈ, ਜਿਸ ਅਨੁਸਾਰ 10+2 (ਆਰਟਸ) ਦੀ ਵਿਦਿਆਰਥਣ ਜਸਲੀਨ ਕੌਰ ਨੇ 97.40 ਫ਼ੀਸਦੀ ਅੰਕ ਪ੍ਰਾਪਤ ਕਰਕੇ ਮੈਰਿਟ ਸੂਚੀ 'ਚ ਪੰਜਾਬ ਵਿੱਚੋਂ 13ਵਾਂ ਤੇ ਬਠਿੰਡਾ ਜ਼ਿਲ੍ਹੇ 'ਚੋਂ 9ਵਾਂ ਸਥਾਨ ਹਾਸਲ ਕੀਤਾ ਹੈ, ਜਦੋਂਕਿ ਸਕੂਲ 'ਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ। ਇਸੇ ਤਰ੍ਹਾਂ 10+2 (ਆਰਟਸ) ਦੀ ਹੀ ਵਿਦਿਆਰਥਣ ਜਸ਼ਨਪ੍ਰੀਤ ਕੌਰ ਨੇ 96.20 ਫ਼ੀਸਦੀ ਅੰਕ ਪ੍ਰਾਪਤ ਕਰਕੇ ਸਕੂਲ 'ਚੋਂ ਦੂਸਰਾ ਤੇ 10+2 (ਨਾਨ-ਮੈਡੀਕਲ) ਦੀ ਵਿਦਿਆਰਥਣ ਕਰਨਜੀਤ ਸਿੱਧੂ ਨੇ 96 ਫ਼ੀਸਦੀ ਅੰਕ ਪ੍ਰਾਪਤ ਕਰਕੇ ਸਕੂਲ 'ਚੋਂ ਤੀਸਰਾ ਸਥਾਨ ਪ੍ਰਾਪਤ ਕੀਤਾ ਹੈ। ਪ੍ਰਿੰਸੀਪਲ ਡਾ. ਬਲਜਿੰਦਰ ਸਿੰਘ ਸਿੱਧੂ, ਵਿਭਾਗ ਮੁਖੀਆਂ ਤੇ ਅਧਿਆਪਕਾਂ ਨੇ ਹੋਣਹਾਰ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਇਨ੍ਹਾਂ ਸ਼ਾਨਦਾਰ ਨਤੀਜਿਆਂ ਲਈ ਵਧਾਈ ਦਿੱਤੀ। ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ 10+2 (ਆਰਟਸ) ਦੀ ਵਿਦਿਆਰਥਣ ਜਸਲੀਨ ਕੌਰ ਨੂੰ ਵਧਾਈ ਦਿੱਤੀ, ਜਿਸ ਨੇ 97.40 ਫ਼ੀਸਦੀ ਅੰਕਾਂ ਨਾਲ ਮੈਰਿਟ ਪੁਜ਼ੀਸ਼ਨ ਹਾਸਲ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ।

ਬੀ.ਐੱਫ.ਜੀ.ਆਈ. ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ ਨੇ ਇਸ ਸ਼ਾਨਦਾਰ ਨਤੀਜੇ 'ਤੇ ਆਪਣੀ ਖ਼ੁਸ਼ੀ ਦਾ ਪ੍ਰਗ

3-June-PAGE-11-Majha-23.qxd 6/2/2023 10:39 PM Page 1

ਆਂਗਣਵਾੜੀ ਕੇਂਦਰਾਂ ਨੂੰ ਹਰ ਸਾਲ 5.4 ਕਰੋੜ ਦੇ ਡੇਟਾ ਪੈਕੇਜ ਦੀ ਮਿਲੇਗੀ ਸਹੂਲਤ : ਸੇਖਵਾਂ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਬਾਰੇ ਮੰਤਰੀ ਡਾ. ਬਲਜੀਤ ਕੌਰ ਦੀ ਅਗਵਾਈ ਹੇਠ ਆਂਗਣਵਾੜੀ ਵਰਕਰਾਂ ਦੀ ਚਿਰੋਕਣੀ ਮੰਗ ਨੂੰ ਸਿਰੇ ਚੜ੍ਹਾਉਂਦਿਆਂ ਹਰੇਕ ਆਂਗਣਵਾੜੀ ਕੇਂਦਰ ਨੂੰ ਪ੍ਰਤੀ ਸਾਲ 2 ਹਜ਼ਾਰ ਰੁਪਏ ਦੇ ਮੋਬਾਈਲ ਡੇਟਾ ਪੈਕੇਜ ਦੀ ਸਹੂਲਤ ਲਾਗੂ ਕੀਤੀ ਹੈ। ਸੂਬੇ ਵਿੱਚ ਕੁੱਲ ਮਨਜ਼ੂਰਸ਼ੁਦਾ ਆਂਗਣਵਾੜੀ ਸੈਂਟਰਾਂ ਦੀ ਗਿਣਤੀ 27,314 ਹੈ। ਹਰੇਕ ਸਾਲ ਪ੍ਰਤੀ ਸੈਂਟਰ 2000 ਰੁਪਏ ਦੇ ਹਿਸਾਬ ਨਾਲ ਇਨ੍ਹਾਂ ਆਂਗਣਵਾੜੀ ਕੇਦਰਾਂ ਨੂੰ ਹਰ ਸਾਲ 5,46,28000 ਦਾ ਡੇਟਾ ਪੈਕੇਜ ਦਿੱਤਾ ਜਾਵੇਗਾ। ਇਹ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਪੋਸ਼ਣ ਅਭਿਆਨ ਦੇ ਰਿਕਾਰਡ ਵਾਸਤੇ ਅਤੇ ਇਸ ਅਭਿਆਨ ਦੇ ਜ਼ਮੀਨੀ ਪੱਧਰ 'ਤੇ ਨਿਰੀਖਣ ਲਈ ਪਿਛਲੇ ਸਮੇਂ 'ਪੋਸ਼ਣ ਟਰੈਕਰ' ਮੋਬਾਈਲ ਐਪ ਜਾਰੀ ਕੀਤੀ ਸੀ, ਜਿਸ ਨੂੰ ਚਲਾਉਣ ਵਾਸਤੇ ਆਂਗਣਵਾੜੀ ਵਰਕਰਾਂ ਨੂੰ ਮੋਬਾਈਲ ਡੇਟਾ ਪੈਕੇਜ ਲੋੜੀਂਦਾ ਸੀ ਤਾਂ ਜੋ ਉਨ੍ਹਾਂ ਨੂੰ ਆਪਣੇ ਪੱਲਿਓਂ ਡੇਟਾ ਨਾ ਖ਼ਰਚਣਾ ਪਵੇ। ਇਸ ਵਾਸਤੇ ਪੰਜਾਬ ਸਰਕਾਰ ਵੱਲੋਂ ਹਰੇਕ ਆਂਗਣਵਾੜੀ ਕੇਂਦਰ ਲਈ ਪ੍ਰਤੀ ਸਾਲ 2 ਹਜ਼ਾਰ ਰੁਪਏ ਦੇ ਡੇਟਾ ਪੈਕੇਜ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪੋਸ਼ਣ ਅਭਿਆਨ ਤਹਿਤ ਆਂਗਣਵਾੜੀ ਕੇਂਦਰਾਂ ਰਾਹੀਂ ਬੱਚਿਆਂ ਅਤੇ ਗਰਭਵਤੀ ਔਰਤਾਂ ਨੂੰ ਪੌਸ਼ਟਿਕ ਖੁਰਾਕ ਮੁਹੱਈਆ ਕਰਾਈ ਜਾਂਦੀ ਹੈ ਤਾਂ ਜੋ ਉਹ ਕੁਪੋਸ਼ਣ ਦਾ ਸ਼ਿਕਾਰ ਨਾ ਹੋਣ। ਇਸ ਅਭਿਆਨ ਨੂੰ ਜ਼ਮੀਨੀ ਪੱਧਰ 'ਤੇ ਪਾਰਦਰਸ਼ਤਾ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਲਾਗੂ ਕਰਨ ਲਈ ਪੰਜਾਬ ਸਰਕਾਰ ਵੱਲੋਂ ਵੀ ਇਸ ਐਪਲੀਕੇਸ਼ਨ ਦੀ ਵਰਤੋਂ ਨੂੰ ਹੁਲਾਰਾ ਦਿੱਤਾ ਜਾ ਰਿਹਾ ਹੈ ਤਾਂ ਜੋ ਆਂਗਣਵਾੜੀ ਵਰਕਰ ਅਤੇ ਹੈਲਪਰ ਪੋਸ਼ਣ ਸਬੰਧੀ ਸਾਰਾ ਰਿਕਾਰਡ ਇਸ ਐਪ 'ਤੇ ਅਪਲੋਡ ਕਰ ਸਕਣ ਤੇ ਹੁਣ ਸਮਰਪਿਤ ਡੇਟਾ ਪੈਕੇਜ ਆਂਗਣਵਾੜੀ ਵਰਕਰਾਂ ਨੂੰ ਮਿਲਣ ਨਾਲ ਇਸ ਅਭਿਆਨ ਨੂੰ ਹੋਰ ਬਿਹਤਰ ਤਰੀਕੇ ਨਾਲ ਲਾਗੂ ਕਰਨ ਵਿੱਚ ਮਦਦ ਮਿਲੇਗੀ। ਚੇਅਰਮੈਨ ਸ. ਸੇਖਵਾਂ ਨੇ ਕਿਹਾ ਕਿ ਵਿਭਾਗ ਵੱਲੋਂ ਡੇਟਾ ਪੈਕੇਜ ਦੀ ਵੰਡ ਨੂੰ ਤੁਰੰਤ ਲਾਗੂ ਕੀਤਾ ਜਾਵੇਗਾ, ਜਿਸ ਨਾਲ ਆਂਗਣਵਾੜੀ ਵਰਕਰਾਂ ਨੂੰ ਆਪਣੇ ਸਮਾਰਟਫ਼ੋਨ ਰਾਹੀਂ ਪੋਸ਼ਨ ਟਰੈਕਰ ਦੀ ਬਿਹਤਰ ਵਰਤੋਂ ਕਰਨ ਦੇ ਯੋਗ ਬਣਾਇਆ ਜਾਵੇਗਾ।

ਇਸ ਤੋਂ ਇਲਾਵਾ ਆਂਗਣਵਾੜੀ ਵਰਕਰਾਂ ਅਤੇ ਆਂਗਣਵਾੜੀ ਹੈਲਪਰਾਂ ਦੀ ਇਸ ਖੇਤਰ ਵਿੱਚ ਬਿਹਤਰੀਨ ਕਾਰਗੁਜ਼ਾਰੀ ਬਦਲੇ ਕ੍ਰਮਵਾਰ 500 ਰੁਪਏ ਅਤੇ 250 ਰੁਪਏ ਦੀ ਪ੍ਰੋਤਸਾਹਨ ਰਾਸ਼ੀ ਨਾਲ ਉਨ੍ਹਾਂ ਦਾ ਉਤਸ਼ਾਹ ਵਧਾਇਆ ਜਾਵੇਗਾ। ਸ. ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਜਿੱਥੇ ਸੂਬੇ ਦੀਆਂ ਔਰਤਾਂ ਅਤੇ ਬੱਚਿਆਂ ਦੀ ਭਲਾਈ ਯਕੀਨੀ ਬਣਾਉਣ ਲਈ ਵਚਨਬੱਧ ਹੈ, ਉਥੇ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਦੀਆਂ ਮੰਗਾਂ ਤੇ ਮਸਲਿਆਂ ਦਾ ਵੀ ਪੂਰਾ ਖਿਆਲ ਰੱਖ ਰਹੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਰਾਹੁਲ ਗਾਂਧੀ ਦੀ ਟਿੱਪਣੀ ਬੌਣੀ ਮਾਨਸਿਕਤਾ ਦਾ ਪ੍ਰਗਟਾਵਾ: ਧਾਮੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਾਂਗਰਸ ਆਗੂ ਰਾਹੁਲ ਗਾਂਧੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਕੀਤੀਆਂ ਮਨਘੜਤ ਟਿੱਪਣੀਆਂ 'ਤੇ ਸਖ਼ਤ ਪ੍ਰਤੀਕਿਰਿਆ ਦਿੰਦਿਆਂ ਇਸ ਨੂੰ ਰਾਹੁਲ ਗਾਂਧੀ ਦੀ ਬੌਣੀ ਮਾਨਸਿਕਤਾ ਦਾ ਪ੍ਰਗਟਾਵਾ ਕਰਾਰ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉੱਚੀ ਸੁੱਚੀ ਸ਼ਖ਼ਸੀਅਤ ਅਤੇ ਬ੍ਰਹਿਮੰਡੀ ਵਿਚਾਰਧਾਰਾ ਪੂਰੀ ਮਨੁੱਖਤਾ ਨੂੰ ਜੋੜਨ ਵਾਲੀ ਹੈ, ਜਿਸ ਨਾਲ ਕਿਸੇ ਦੁਨਿਆਵੀ ਮਨੁੱਖ ਵੱਲੋਂ ਆਪਣੀ ਤੁਲਨਾ ਕਰਨਾ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਰਾਹੁਲ ਗਾਂਧੀ ਨੇ ਆਪਣੀ ਨਿੱਜੀ ਅਤੇ ਰਾਜਸੀ ਯਾਤਰਾ ਨੂੰ ਪ੍ਰਭਾਸ਼ਿਤ ਕਰਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹਵਾਲਾ ਦੇ ਕੇ ਵੱਡੀ ਅਵੱਗਿਆ ਕੀਤੀ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਭਾਰਤ ਜੋੜਨ ਦੀ ਗੱਲ ਕਰਨ ਵਾਲੇ ਕਾਂਗਰਸ ਦੇ ਇਸ ਆਗੂ ਨੂੰ 1984 ਵਿਚ ਕਾਂਗਰਸ ਵੱਲੋਂ ਕੀਤੇ ਗਏ ਸਿੱਖ ਕਤਲੇਆਮ ਨੂੰ ਚੇਤੇ ਕਰਨਾ ਚਾਹੀਦਾ ਹੈ। ਕੀ ਇਹ ਭਾਰਤ ਜੋੜਨ ਵਾਲੀ ਕਾਰਵਾਈ ਸੀ? ਇਸ ਦਾ ਜਵਾਬ ਰਾਹੁਲ ਗਾਂਧੀ ਜ਼ਰੂਰ ਦੇਣ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਜਦੋਂ ਸਿੱਖ ਕੌਮ ਜੂਨ 1984 ਦੇ ਘੱਲੂਘਾਰੇ ਨੂੰ ਯਾਦ ਕਰ ਰਹੀ ਹੈ ਤਾਂ ਸਿੱਖ ਇਤਿਹਾਸ ਅਤੇ ਗੁਰੂ ਸਾਹਿਬਾਨ ਦੇ ਵਿਰੁੱਧ ਟਿੱਪਣੀ ਕਰਕੇ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਇਕ ਵਾਰ ਫਿਰ ਸਿੱਖ ਮਾਨਸਿਕਤਾ ਨੂੰ ਸੱਟ ਮਾਰਨ ਦੀ ਕੋਸ਼ੀ ਹਰਕਤ ਕੀਤੀ ਹੈ।

ਉਨ੍ਹਾਂ ਰਾਹੁਲ ਗਾਂਧੀ ਨੂੰ ਨਸੀਹਤ ਦਿੱਤੀ ਕਿ ਉਹ ਸਿੱਖਾਂ ਦੇ ਜ਼ਖਮਾਂ 'ਤੇ ਲੂਣ ਛਿੜਕਣ ਤੋਂ ਗੁਰੇਜ਼ ਕਰਨ ਅਤੇ ਸਿੱਖ ਕੌਮ ਦੇ ਇਤਿਹਾਸ, ਗੁਰੂ ਸਾਹਿਬਾਨ ਦੀਆਂ ਸ਼ਖ਼ਸੀਅਤਾਂ ਅਤੇ ਸਿੱਖ ਸਰੋਕਾਰਾਂ ਨਾਲ ਟਕਰਾਉਣ ਤੋਂ ਦੂਰ ਰਹਿਣ।

ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਮਾਨਾਂਵਾਲਾ ਦਾ ਨਤੀਜਾ ਸ਼ਾਨਦਾਰ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ ਅੰਮ੍ਰਿਤਸਰ ਅਤੇ ਪਿੰਗਲਵਾੜਾ ਸੋਸਾਇਟੀ ਆਫ ਓਨਟਾਰੀਓ (ਕੈਨੇਡਾ) ਦੇ ਸਾਂਝੇ ਸਹਿਯੋਗ ਨਾਲ ਚਲਾਏ ਜਾ ਰਹੇ ਹਨ ਭਗਤ ਪੂਰਨ ਸਿੰਘ ਆਦਰਸ਼ ਸੀ: ਸੈ: ਸਕੂਲ ਮਾਨਾਂਵਾਲਾ ਦੇ ਬੋਰਡ ਨਤੀਜਿਆਂ ਵਿੱਚ ਸ਼ਾਨਦਾਰ ਅੰਕ ਲੈ ਕੇ ਵਿਦਿਆਰਥੀਆਂ ਵੱਲੋਂ ਪਿੰਗਲਵਾੜਾ ਸੰਸਥਾ, ਸਕੂਲ ਅਤੇ ਮਾਪਿਆਂ ਦਾ ਨਾਂਅ ਰੌਸ਼ਨ ਕਰਨ ਦੀ ਖੁਸ਼ੀ ਵਿੱਚ ਮਾਤਾ ਮਹਿਤਾਬ ਕੌਰ ਹਾਲ ਵਿੱਚ ਇੱਕ ਪ੍ਰੋਗਰਾਮ ਕੀਤਾ ਗਿਆ। ਇਸ ਮੌਕੇ ਜੇਤੂ ਬੱਚਿਆਂ ਦੀ ਹੌਸਲਾ ਅਫਜ਼ਾਈ ਕਰਨ ਲਈ ਮੈਡਮ ਸੁਹਿੰਦਰ ਕੌਰ ਸੁਪਤਨੀ ਹਰਭਜਨ ਸਿੰਘ ਕੈਬਨਿਟ ਮੰਤਰੀ ਪੰਜਾਬ ਅਤੇ ਡਾ. ਕੁੰਵਰ ਵਿਜੈ ਪ੍ਰਤਾਪ ਸਿੰਘ ਐੱਮ.ਐੱਲ.ਏ. ਉਚੇਚੇ ਤੌਰ 'ਤੇ ਪੁੱਜੇ। ਬੱਚਿਆਂ ਨੂੰ ਵਧਾਈ ਦਿੰਦੇ ਹੋਏ ਮੈਡਮ ਸੁਹਿੰਦਰ ਕੌਰ ਨੇ ਕਿਹਾ ਕਿ ਅਧਿਆਪਕ ਅਜਿਹੀ ਸ਼ਖਸੀਅਤ ਹੈ ਜੋ ਬੱਚੇ ਅੰਦਰ ਛਿਪੇ ਗੁਣਾਂ ਨੂੰ ਸਾਹਮਣੇ ਲਿਆਉਂਦਾ ਹੈ। ਡਾ: ਕੁੰਵਰ ਵਿਜੈ ਪ੍ਰਤਾਪ ਨੇ ਸ਼ਾਨਦਾਰ ਨਤੀਜਿਆਂ ਦੀ ਖੁਸ਼ੀ ਵਿੱਚ ਜੇਤੂ ਬੱਚਿਆਂ ਨੂੰ ਵਧਾਈ ਦਿੱਤੀ। ਡਾ. ਇੰਦਰਜੀਤ ਕੌਰ ਨੇ ਬੱਚਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ 12ਵੀਂ ਜਮਾਤ ਵਿੱਚ 90% ਤੋਂ ਵੱਧ 18 ਬੱਚਿਆਂ ਨੇ ਅੰਕ ਪ੍ਰਾਪਤ ਕੀਤੇ ਹਨ। ਇਸੇ ਤਰ੍ਹਾਂ ਮੈਟ੍ਰਿਕ ਕਲਾਸ ਦੇ ਨਤੀਜਿਆਂ ਵਿੱਚ ਸਕੂਲ ਦੀਆਂ ਦੋ ਵਿਦਿਆਰਥਣਾਂ ਨੇ ਮੈਰਿਟ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਉਨ੍ਹਾਂ ਕਿਹਾ ਕਿ ਮੈਟ੍ਰਿਕ ਕਲਾਸ ਵਿੱਚ 90% ਤੋਂ ਵੱਧ 23 ਬੱਚਿਆਂ ਨੇ ਅੰਕ ਪ੍ਰਾਪਤ ਕੀਤੇ ਹਨ ਜੋ ਕਿ ਬਹੁਤ ਮਾਣ ਵਾਲੀ ਗੱਲ ਹੈ। ਇਸ ਮੌਕੇ ਰਾਜਬੀਰ ਸਿੰਘ, ਟਰੱਸਟੀ ਮੈਂਬਰ ਪਿੰਗਲਵਾੜਾ ਨੇ ਬੱਚਿਆਂ ਨੂੰ ਸ਼ਾਨਦਾਰ ਨਤੀਜਿਆਂ ਲਈ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਮੱਲਾਂ ਮਾਰਦੇ ਰਹਿਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰਿੰਸੀਪਲ ਨਰੇਸ਼ ਕਾਲੀਆ ਨੇ ਸਕੂਲ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਇਆ। ਇਸ ਮੌਕੇ ਡਾ. ਜਗਦੀਪਕ ਸਿੰਘ ਮੀਤ ਪ੍ਰਧਾਨ, ਮੁਖਤਾਰ ਸਿੰਘ ਗੁਰਾਇਆ, ਡਾ. ਤੇਜਪਾਲ, ਬਖਸ਼ੀਸ਼ ਸਿੰਘ, ਪਰਮਿੰਦਰ ਸਿੰਘ ਭੱਟੀ, ਸੁਰਿੰਦਰ ਕੌਰ ਭੱਟੀ, ਅਰਵਿੰਦਰ ਸਿੰਘ ਭੱਟੀ, ਨੀਰਜ ਢੀਂਗਰਾ, ਅਸ਼ੋਕ ਸੇਠੀ, ਡਾ. ਸ਼ਾਮ ਸੁੰਦਰ ਦੀਪਤੀ, ਮਿਸਿਜ਼ ਦੀਪਤੀ, ਜੈ ਸਿੰਘ, ਤਿਲਕ ਰਾਜ, ਗੁਰਨਾਇਬ ਸਿੰਘ, ਨਰਿੰਦਰਪਾਲ ਸਿੰਘ, ਜਤਿੰਦਰ ਸਿੰਘ, ਪ੍ਰਿੰਸੀਪਲ ਨਰੇਸ਼ ਕਾਲੀਆ, ਵੱਖ ਵੱਖ ਸਕੂਲਾਂ, ਬ੍ਰਾਂਚਾਂ ਅਤੇ ਵਾਰਡਾਂ ਦੇ ਇੰਚਾਰਜ ਹਾਜ਼ਰ ਸਨ। ਆਏ ਹੋਏ ਮਹਿਮਾਨਾਂ ਨੂੰ ਇਸ ਮੌਕੇ ਸਨਮਾਨਤ ਕੀਤਾ ਗਿਆ ਅਤੇ ਬੱਚਿਆਂ ਨੂੰ ਮਠਿਆਈ ਵੰਡੀ ਗਈ।

ਬੇਰੁਜ਼ਗਾਰ ਉਪਵੈਦ ਯੂਨੀਅਨ ਭਲਕ ਤੋਂ ਲਾਵੇਗੀ ਪੱਕਾ ਮੋਰਚਾ: ਟੇਕ ਸਿੰਘ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਆਯੂਰਵੈਦਿਕ ਡੀ ਫਾਰਮੇਸੀ ਬੇਰੁਜ਼ਗਾਰ ਉਪਵੈਦ ਯੂਨੀਅਨ ਪੰਜਾਬ (ਰਜਿ.) ਦੇ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਟੇਕ ਸਿੰਘ ਧਾਰੀਵਾਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਪਵੈਦ ਯੂਨੀਅਨ ਵੱਲੋਂ ਜਲੰਧਰ ਜ਼ਿਮਨੀ ਚੋਣ ਦੌਰਾਨ ਹੋਣ ਵਾਲੇ ਰੋਸ ਪ੍ਰਦਰਸ਼ਨ ਨੂੰ ਜਲੰਧਰ ਪ੍ਰਸ਼ਾਸਨ ਵੱਲੋਂ 7 ਮਈ ਨੂੰ ਮੁੱਖ ਮੰਤਰੀ ਪੰਜਾਬ ਨਾਲ ਮੀਟਿੰਗ ਦਾ ਭਰੋਸਾ ਦੇ ਕੇ ਰੋਸ ਪ੍ਰਦਰਸ਼ਨ ਨੂੰ ਰੱਦ ਕਰਵਾ ਦਿੱਤਾ ਸੀ ਅਤੇ ਉਸੇ ਦਿਨ ਹੀ ਜਲੰਧਰ ਵਿਖੇ ਮੁੱਖ ਮੰਤਰੀ ਦੀ ਜਗ੍ਹਾ ਕੈਬਨਿਟ ਮੰਤਰੀ ਮੀਤ ਹੇਅਰ ਨਾਲ ਮਟਿੰਗ ਕਰਵਾ ਦਿੱਤੀ ਗਈ। ਮੀਟਿੰਗ ਵਿੱਚ ਕੈਬਨਿਟ ਮੰਤਰੀ ਵੱਲੋਂ ਸਿਹਤ ਮੰਤਰੀ ਦੀ ਅਗਵਾਈ ਹੇਠ ਪੈਨਲ ਮੀਟਿੰਗ ਦਾ ਭਰੋਸਾ ਦਿੱਤਾ ਸੀ ਪਰ ਇਸ ਦੇ ਬਾਵਜੂਦ ਉਪਵੈਦਾਂ ਨੂੰ ਪੈਨਲ ਮੀਟਿੰਗ ਨਹੀਂ ਮਿਲੀ ਜਿਸ 'ਤੇ ਚੱਲਦਿਆਂ ਦੁਬਾਰਾ ਉਪਵੈਦ ਯੂਨੀਅਨ ਵੱਲੋਂ 14 ਮਈ ਨੂੰ ਕੈਬਨਿਟ ਮੰਤਰੀ ਮੀਤ ਹੇਅਰ ਦੀ ਕੋਠੀ ਅੱਗੇ ਲਾਏ ਧਰਨੇ ਦੌਰਾਨ ਬਰਨਾਲਾ ਪ੍ਰਸ਼ਾਸਨ ਵੱਲੋਂ ਫਿਰ ਭਰੋਸਾ ਦਿੱਤਾ ਗਿਆ ਸੀ ਕਿ ਇੱਕ ਹਫਤੇ ਦੇ ਅੰਦਰ ਸਿਹਤ ਮੰਤਰੀ ਦੀ ਅਗਵਾਈ ਹੇਠ ਮੀਟਿੰਗ ਕਰਵਾ ਦਿੱਤੀ ਜਾਵੇਗੀ ਪਰ 2 ਹਫਤੇ ਤੋਂ ਵੱਧ ਸਮਾਂ ਬੀਤ ਜਾਣ 'ਤੇ ਵੀ ਅੱਜ ਤੱਕ ਸਿਹਤ ਵਿਭਾਗ ਅਤੇ ਬਰਨਾਲਾ ਪ੍ਰਸ਼ਾਸਨ ਵੱਲੋਂ ਕੋਈ ਵੀ ਮੀਟਿੰਗ ਦਾ ਲਿਖਤੀ ਰੂਪ ਵਿੱਚ ਨੋਟਿਸ ਨਹੀਂ ਦਿੱਤਾ ਗਿਆ।

ਇਸ ਕਰਕੇ ਹੁਣ ਮੁੜ ਉਪਵੈਦਾਂ ਨੇ ਸਿਹਤ ਮੰਤਰੀ ਦੀ ਕੋਠੀ ਦਾ ਘਿਰਾਓ ਕਰਨ ਅਤੇ ਪੱਕਾ ਮੋਰਚਾ ਲਾਉਣ ਦਾ ਫੈਸਲਾ ਲਿਆ ਹੈ। ਉਪਵੈਦ 4 ਜੂਨ ਤੋਂ ਸਿਹਤ ਮੰਤਰੀ ਦੀ ਕੋਠੀ ਅੱਗੇ ਪੱਕਾ ਮੋਰਚਾ ਲਾਉਣਗੇ ਅਤੇ ਇਹ ਮੋਰਚਾ ਉਪਵੈਦਾਂ ਦੀਆਂ ਮੰਗਾਂ ਨੂੰ ਪੂਰੀਆਂ ਹੋਣ ਤੱਕ ਜਾਰੀ ਰੱਖਿਆ ਜਾਵੇਗਾ।

ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਲੀਵਾਲ 'ਚ ਸਮਰ ਕੈਂਪ ਦਾ ਆਯੋਜਨ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਵਿੱਚ ਸਮਰ ਕੈਂਪ ਦਾ ਆਯੋਜਨ ਕੀਤਾ। ਕੈਂਪ ਵਿੱਚ ਲਿਟਲ ਸਪਰਾਊਟ ਦੇ ਬੱਚਿਆਂ ਅਤੇ ਸੀਨੀਅਰ ਵਿੰਗ ਦੇ ਵਿਦਿਆਰਥੀਆਂ ਨੇ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲੈ ਕੇ ਖੂਬ ਆਨੰਦ ਮਾਣਿਆ। ਕੈਂਪ ਦੌਰਾਨ ਵਿਦਿਆਰਥੀਆਂ ਨੇ ਮੈਡੀਟੇਸ਼ਨ ਤੇ ਯੋਗਾ, ਡਾਂਸ ਸਪਲੈਸ਼ ਪੂਲ ਤੋਂ ਇਲਾਵਾ ਲਿਟਲ ਸਪਰਾਊਟ ਦੇ ਵਿਦਿਅਰਥੀਆਂ ਨੂੰ ਕਾਰਟੂਨ, ਫਿਲਮਾਂ ਅਤੇ ਸੀਨੀਅਰ ਵਿੰਗ ਦੇ ਵਿਦਿਆਰਥੀਆਂ ਨੂੰ ਸਿੱਖਿਆ ਨਾਲ ਸੰਬੰਧਿਤ ਫਿਲਮਾਂ ਦਿਖਾਈਆਂ ਗਈਆਂ ਅਤੇ ਆਰਟ ਐਂਡ ਕਰਾਫਟ ਗਤੀਵਿਧੀਆਂ ਦੁਆਰਾ ਬੱਚਿਆਂ ਨੇ ਆਪਣੀ ਕਲਾ ਨੂੰ ਦਰਸਾਇਆ। ਸਮਰ ਕੈਂਪ ਦੌਰਾਨ ਬੱਚਿਆਂ ਨੇ ਭਰਪੂਰ ਦਿਲਚਸਪੀ ਦਿਖਾਉਂਦਿਆਂ ਆਪਣੇ ਹੁਨਰ ਦਾ ਵਧੀਆ ਪ੍ਰਦਰਸ਼ਨ ਕੀਤਾ ਅਤੇ ਬਹੁਤ ਕੁੱਝ ਨਵਾਂ ਵੀ ਸਿੱਖਿਆ ਤੇ ਆਨੰਦ ਮਾਣਿਆ। ਪ੍ਰਿੰਸੀਪਲ ਕਿਰਨ ਕੇਸਰ ਨੇ ਕਿਹਾ ਕਿ ਇਸ ਸਮਰ ਕੈਂਪ ਵਿੱਚ ਵੱਖ-ਵੱਖ ਗਤੀਵਿਧੀਆਂ ਕਰਵਾਉਣ ਦਾ ਮੁੱਖ ਮੰਤਵ ਬੱਚਿਆਂ ਦੇ ਅੰਦਰ ਲੁਕੀਆ ਹੋਈਆਂ ਪ੍ਰਤਿਭਾਵਾਂ ਦਾ ਤੇ ਹੁਨਰ ਦਾ ਵਿਕਾਸ ਕਰਨਾ ਸੀ। ਪ੍ਰਿੰ. ਕਿਰਨ ਕੇਸਰ ਨੇ ਬੱਚਿਆਂ ਨੂੰ ਕਿਹਾ ਕਿ ਉਹ ਗਰਮੀਆਂ ਦੀਆਂ ਛੁੱਟੀਆਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਅਤੇ ਆਪਣੀਆਂ ਕਮੀਆਂ ਨੂੰ ਸੁਧਾਰਨ ਤੇ ਆਪਣੇ ਹੁਨਰ ਨੂੰ ਵੱਧ ਤੋਂ ਵੱਧ ਨਿਖਾਰਨ।

2780 ਵਿਧਵਾ ਬੀਬੀਆਂ ਨੂੰ ਦਿੱਤਾ ਜਾਂਦੈ ਹਰ ਮਹੀਨੇ ਮੁਫਤ ਰਾਸ਼ਨ: ਭਾਈ ਗੁਰਇਕਬਾਲ ਸਿੰਘ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਹਰ ਮਹੀਨੇ 2780 ਵਿਧਵਾ ਬੀਬੀਆਂ ਨੂੰ ਫ੍ਰੀ ਰਾਸ਼ਨ ਦਿੱਤਾ ਜਾਂਦਾ ਹੈ। ਇਸ ਮੌਕੇ ਭਾਈ ਗੁਰਇਕਬਾਲ ਸਿੰਘ ਨੇ ਦੱਸਿਆ ਕਿ ਇਸ ਵਾਰ ਗਰਮੀਆਂ ਦੇ ਮੌਸਮ ਦੌਰਾਨ ਭਲਾਈ ਕੇਂਦਰ ਤੋਂ ਹਰ ਮਹੀਨੇ ਫ੍ਰੀ ਰਾਸ਼ਨ ਲੈਣ ਵਾਲੀਆਂ ਵਿਧਵਾ ਬੀਬੀਆਂ ਨੂੰ ਗੁਲਾਬ ਦੇ ਸ਼ਰਬਤ ਦੀਆਂ ਵੱਡੀਆਂ ਬੋਤਲਾਂ ਵੀ ਦਿੱਤੀਆਂ ਗਈਆਂ।

ਭਾਈ ਸਾਹਿਬ ਨੇ ਦੱਸਿਆ ਕਿ 2780 ਵ

3-Jun-PAGE-12.qxd 6/2/2023 10:38 PM Page 1

ਮਹਿਲਾ ਪਹਿਲਵਾਨਾਂ ਨੂੰ ਇਨਸਾਫ ਦਿਵਾਉਣ ਲਈ ਦਿੱਤਾ ਰਾਸ਼ਟਰਪਤੀ ਨੂੰ ਮੈਮੋਰੰਡਮ

ਖਰੜ: (ਹਰਨਾਮ ਸਿੰਘ ਡੱਲਾ)

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕਿਸਾਨ ਜਥੇਬੰਦੀਆਂ ਨੇ ਏ ਡੀ ਸੀ ਮੋਹਾਲੀ ਰਾਹੀਂ ਰਾਸ਼ਟਰਪਤੀ ਨੂੰ ਮੰਗ ਪੱਤਰ ਦਿੱਤਾ। ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਜ਼ਿਲ੍ਹਾ ਮੋਹਾਲੀ ਵੱਲੋਂ ਏ ਡੀ ਸੀ ਮੋਹਾਲੀ ਰਾਹੀਂ ਰਾਸ਼ਟਰਪਤੀ ਨੂੰ ਮੰਗ ਪੱਤਰ ਦਿੱਤਾ ਗਿਆ। ਦੇਵਿੰਦਰ ਸਿੰਘ ਦੇਹਕਲਾਂ,ਜਨਰਲ ਸਕੱਤਰ ਜਸਪਾਲ ਸਿੰਘ,ਪ੍ਰੈਸ ਸਕੱਤਰ ਰਣਬੀਰ ਸਿੰਘ ਗਰੇਵਾਲ ਨੇ ਕਿਹਾ ਕਿ ਅੰਤਰਰਾਸ਼ਟਰੀ ਖੇਡ ਮੁਕਾਬਲਿਆਂ ਵਿੱਚ ਤਗਮੇ ਜਿੱਤ ਕੇ ਦੇਸ਼ ਦਾ ਨਾਂਅ ਰੌਸ਼ਨ ਕਰਨ ਵਾਲੀਆਂ ਕਈ ਔਰਤਾਂ (ਇੱਕ ਨਾਬਾਲਗ ਸਮੇਤ) ਪਹਿਲਵਾਨਾਂ ਨੇ ਭਾਰਤੀ ਜਨਤਾ ਪਾਰਟੀ ਦੇ ਸੰਸਦ ਮੈਂਬਰ ਬ੍ਰਿਜ ਭੂਸ਼ਣ ਸਰਨ ਸਿੰਘ 'ਤੇ ਜਿਨਸੀ ਸੋਸ਼ਣ ਦੇ ਗੰਭੀਰ ਦੋਸ਼ ਲਗਾਏ ਹਨ,ਜੋ ਕਿ ਭਾਰਤ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਸੰਸਥਾ, ਰੈਸਲਿੰਗ ਫੈਡਰੇਸ਼ਨ ਆਫ ਇੰਡੀਆ ਦਾ ਪ੍ਰਧਾਨ ਵੀ ਹੈ। ਦਿੱਲੀ ਪੁਲਸ ਨੇ ਬ੍ਰਿਜ ਭੂਸ਼ਣ ਖਿਲਾਫ 2 ਐਫ.ਆਈ.ਆਰਾਂ ਦਰਜ ਕੀਤੀਆਂ ਹਨ। ਬਦਕਿਸਮਤੀ ਨਾਲ, ਉਸ ਤੋਂ ਬਾਅਦ ਵੀ ਦਿੱਲੀ ਪੁਲਸ ਆਪਣੇ ਪੈਰ ਘਸੀਟਦੀ ਰਹੀ ਹੈ ਅਤੇ ਜਾਂਚ ਅਤੇ ਮੁਕੱਦਮੇ ਨੂੰ ਅੱਗੇ ਨਹੀਂ ਵਧਾਇਆ ਗਿਆ ਹੈ। ਸਗੋਂ ਪ੍ਰਦਰਸ਼ਨਕਾਰੀ ਮਹਿਲਾ ਪਹਿਲਵਾਨਾਂ ਦੀ ਆਵਾਜ ਕੁਚਲਣ ਲਈ ਦਮਨਕਾਰੀ ਨੀਤੀ ਅਪਣਾਈ ਅਤੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ, ਉਨ੍ਹਾਂ ਵਿਰੁੱਧ ਐਫ ਆਈ ਆਰ ਦਰਜ ਕੀਤੀਆਂ ਅਤੇ ਫਿਰ ਜਬਰਦਸਤੀ ਉਨ੍ਹਾਂ ਨੂੰ ਉਨ੍ਹਾਂ ਦੇ ਸ਼ਾਂਤਮਈ ਚੱਲ ਰਹੇ ਧਰਨੇ ਵਾਲੀ ਥਾਂ (ਜੰਤਰ-ਮੰਤਰ) ਤੋਂ ਹਟਾ ਦਿੱਤਾ। ਡੀ ਸੀ ਮੋਹਾਲੀ ਰਾਹੀਂ ਰਾਸ਼ਟਰਪਤੀ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਦੇ ਮੁਖੀ ਹੋਣ ਦੇ ਨਾਤੇ ਕੇਂਦਰ ਸਰਕਾਰ ਨੂੰ ਤੁਰੰਤ ਨਿਰਦੇਸ਼ ਦੇਣ ਕਿ ਮਹਿਲਾ ਪਹਿਲਵਾਨਾਂ ਨਾਲ ਦੁਰ-ਵਿਵਹਾਰ ਕਰਨ ਵਾਲੇ ਜ਼ਿੰਮੇਵਾਰ ਪੁਲਸ ਅਧਿਕਾਰੀਆਂ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇ ਅਤੇ ਬ੍ਰਿਜ ਭੂਸ਼ਣ ਨੂੰ ਗ੍ਰਿਫਤਾਰ ਕੀਤਾ ਜਾਵੇ। ਇਸ ਸਮੇਂ ਕੁਲਵੰਤ ਸਿੰਘ ਤ੍ਰਿਪੜੀ, ਕਲਵੰਤ ਸਿੰਘ ਰੁੜਕੀ, ਜਸਪਾਲ ਸਿੰਘ ਲਾਡਰਾਂ,ਗੁਰਨਾਮ ਸਿੰਘ ਦਾਊ, ਜਸਵੰਤ ਸਿੰਘ ਪੂਨੀਆ,ਗੁਰਮੁੱਖ ਸਿੰਘ ਲਾਡਰਾਂ,ਜਗਤਾਰ ਸਿੰਘ ਝਰਮੜੀ, ਗੁਰਤੇਜ ਸਿੰਘ ਮਦਨਹੇੜੀ,ਹ ਰਜਿੰਦਰ ਸਿੰਘ ਖੁਨੀਮਾਜਰਾ, ਰਣਜੀਤ ਸਿੰਘ ਬਜਹੇੜੀ,ਦਰਸ਼ਨ ਸਿੰਘ ਦੁਰਾਲੀ,ਬਲਜੀਤ ਸਿੰਘ ਭਾਊ, ਜਸਵਿੰਦਰ ਸਿੰਘ ਢੇਲਪੁਰ,ਸੁਰਿੰਦਰ ਸਿੰਘ ਬੁਰੀਆਲੀ,ਮਾਨ ਸਿੰਘ ਝਿੰਗੜਾ,ਜਸਬੀਰ ਸਿੰਘ ਨੰਗਲ ਫੈਜਗੜ ਆਦਿ ਕਿਸਾਨ ਆਗੂ ਹਾਜਰ ਸਨ।

ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗੁ. ਬੇਰ ਸਾਹਿਬ ਹੋਏ ਨਤਮਸਤਕ

ਸੁਲਤਾਨਪੁਰ ਲੋਧੀ, (ਹਨੀ) ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਦੇ ਜੱਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਸਥਾਨ ਇਤਿਹਾਸਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਨਤਮਸਤਕ ਹੋਏ ਤੇ ਗੁਰਬਾਣੀ ਦਾ ਕੀਰਤਨ ਸਰਵਣ ਕੀਤਾ ਤੇ ਬੇਰੀ ਸਾਹਿਬ ਦੇ ਵੀ ਦਰਸ਼ਨ ਕੀਤੇ। ਮੈਨੇਜਰ ਭਾਈ ਜਰਨੈਲ ਸਿੰਘ ਬੂਲੇ ਤੇ ਹੈੱਡ ਗ੍ਰੰਥੀ ਗਿਆਨੀ ਸਤਨਾਮ ਸਿੰਘ ਚੱਕੀਆਂ ਨੇ ਸਿੰਘ ਸਾਹਿਬ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ । ਗਿਆਨੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਅੱਜ ਸਿਰਫ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਮੱਥਾ ਟੇਕਣ ਹੀ ਆਏ ਸਨ।

ਇਸ ਸਮੇਂ ਅਕਾਲੀ ਆਗੂ ਅਮਰਜੀਤ ਸਿੰਘ ਖਿੰਡਾ , ਕੁਲਦੀਪ ਸਿੰਘ ਬੂਲੇ ਜ਼ਿਲ੍ਹਾ ਪ੍ਰਧਾਨ ਐਸ.ਸੀ. ਵਿੰਗ , ਜਥੇ. ਰਣਜੀਤ ਸਿੰਘ ਆਹਲੀ , ਸ਼ਮਿੰਦਰ ਸਿੰਘ ਸੰਧੂ ਆਹਲੀ , ਭਾਈ ਸਰਵਣ ਸਿੰਘ ਚੱਕਾਂ , ਗੁਰਪ੍ਰੀਤ ਸਿੰਘ ਫੱਤੂਢੀਂਗਾ ਤੇ ਹੋਰਨਾਂ ਨੇ ਸਵਾਗਤ ਕੀਤਾ ।

ਮਹਿਲਾ ਪੱਤਰਕਾਰਾਂ ਲਈ ਅਗਲੇ ਸਾਲ ਪਟਿਆਲਾ ਵਿਖੇ ਹੋਵੇਗਾ ਰਾਜ ਪੱਧਰੀ ਸਮਾਗਮ : ਜੌੜੇਮਾਜਰਾ

ਚੰਡੀਗੜ੍ਹ,(ਗੁਰਜੀਤ ਬਿੱਲਾ) ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਔਰਤਾਂ ਨੂੰ ਬਣਦਾ ਦਰਜਾ ਅਤੇ ਸਨਮਾਨ ਦੇਣ ਲਈ ਵਚਨਬੱਧ ਹੈ। ਇਸੇ ਮੰਤਵ ਦੀ ਦਿਸ਼ਾ ਵੱਲ ਵਧਦਿਆਂ ਸੇਵਾਵਾਂ ਭਲਾਈ, ਸੁਤੰਤਰਤਾ ਸੈਨਾਨੀ, ਸੂਚਨਾ ਤੇ ਲੋਕ ਸੰਪਰਕ, ਬਾਗਬਾਨੀ ਮੰਤਰੀ ਚੇਤਨ ਸਿੰਘ ਜੌੜੇਮਾਜਰਾ ਅਤੇ ਸਮਾਜਿਕ ਨਿਆਂ, ਸਸ਼ਕਤੀਕਰਨ ਤੇ ਘੱਟ ਗਿਣਤੀ ਅਤੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਚੰਡੀਗੜ੍ਹ ਵਿਖੇ ਰਾਸ਼ਟਰੀ ਮਹਿਲਾ ਪੱਤਰਕਾਰ ਕਾਨਫਰੰਸ 'ਚ ਸ਼ਿਰਕਤ ਕੀਤੀ। ਇਸ ਮੌਕੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜੇਮਾਜਰਾ ਨੇ ਕਿਹਾ ਕਿ ਸਮਾਜ ਔਰਤਾਂ ਬਿਨ੍ਹਾਂ ਅਧੂਰਾ ਹੈ। ਇਸ ਸਮਾਗਮ ਦਾ ਉਦੇਸ਼ ਮੌਜੂਦਾ ਸਮੇਂ ਵਿੱਚ ਪੱਤਰਕਾਰੀ ਖੇਤਰਾਂ ਵਿੱਚ ਸਫਲਤਾਪੂਰਵਕ ਪ੍ਰਾਪਤੀਆਂ ਕਰਨ ਵਾਲੀਆਂ ਔਰਤਾਂ ਵਿੱਚ ਹਿੰਮਤ ਅਤੇ ਉਤਸ਼ਾਹ ਪੈਦਾ ਕਰਨਾ ਹੈ। ਉਨ੍ਹਾਂ ਕਿਹਾ ਕਿ ਮਹਿਲਾ ਪੱਤਰਕਾਰਾਂ ਲਈ ਰਾਜ ਪੱਧਰੀ ਸਮਾਗਮ ਅਗਲੇ ਸਾਲ ਪਟਿਆਲਾ ਵਿਖੇ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਕਾਨਫਰੰਸ ਦਾ ਉਦੇਸ਼ ਮਹਿਲਾ ਪੱਤਰਕਾਰਾਂ ਲਈ ਉਹਨਾਂ ਚੁਣੌਤੀਆਂ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਇੱਕ ਪਲੇਟਫਾਰਮ ਤਿਆਰ ਕਰਨਾ ਹੈ।

ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਅੱਜ ਦਾ ਯੁੱਗ ਮਰਦ ਪ੍ਰਧਾਨ ਯੁੱਗ ਨਹੀਂ ਰਿਹਾ ਬਲਕਿ ਮਹਿਲਾਵਾਂ ਹਰ ਖੇਤਰ 'ਚ ਵੱਧ ਚੜ੍ਹ ਕੇ ਹਿੱਸਾ ਲੈ ਰਹੀਆਂ ਹਨ।

ਇਸ ਮੌਕੇ ਮਹਿਲਾ ਪੱਤਰਕਾਰਾਂ ਨੇ ਆਪਣੇ ਖੇਤਰ ਵਿੱਚ ਪੇਸ਼ ਆਉਣ ਵਾਲੀਆਂ ਮੁਸ਼ਕਲਾਂ ਸੰਬੰਧੀ ਆਪਣੇ ਤਜ਼ਰਬੇ ਸਾਂਝੇ ਕੀਤੇ ਅਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜੇਮਾਜਰਾ ਨੂੰ ਮੰਗ ਪੱਤਰ ਸੌਂਪਿਆ।

ਮੰਤਰੀ ਵੱਲੋਂ ਜਾਇਜ਼ ਮੰਗਾਂ ਪੂਰੀਆਂ ਕਰਨ ਦਾ ਭਰੋਸਾ ਦਿੱਤਾ ਗਿਆ।

ਗੁਰਮੁਖ ਸਿੰਘ ਗਿੱਲ ਦੀ ਸੇਵਾ ਮੁਕਤੀ 'ਤੇ ਸਟਾਫ ਵੱਲੋਂ ਵਿਦਾਇਗੀ ਪਾਰਟੀ

ਸਾਹਕੋਟ (ਗਿਆਨ ਸੈਦਪੁਰੀ) ਮਾਰਕੀਟ ਕਮੇਟੀ ਸਾਹਕੋਟ ਵਿਖੇ 34 ਸਾਲ ਬੇਦਾਗ ਸੇਵਾ ਕਰਨ ਉਪਰੰਤ ਗੁਰਮੁਖ ਸਿੰਘ ਗਿੱਲ ਮੰਡੀ ਸੁਪਰਵਾਈਜਰ ਸੇਵਾ ਮੁਕਤ ਹੋ ਗਏ ਹਨ। ਬੁੱਧਵਾਰ ਨੂੰ ਉਨ੍ਹਾਂ ਦੇ ਮਾਣ ਵਿੱਚ ਮਾਰਕੀਟ ਕਮੇਟੀ ਦੇ ਸਟਾਫ ਨੇ ਸ਼ਾਨਦਾਰ ਵਿਦਾਇਗੀ ਪਾਰਟੀ ਦਿੱਤੀ। ਸਕੱਤਰ ਮਾਰਕੀਟ ਕਮੇਟੀ ਤਜਿੰਦਰ ਕੁਮਾਰ ਦੀ ਅਗਵਾਈ ਵਿੱਚ ਸਟਾਫ ਵੱਲੋਂ ਗੁਰਮੁਖ ਸਿੰਘ ਗਿੱਲ ਨੂੰ ਵਿਸੇਸ ਯਾਦ ਚਿੰਨ ਅਤੇ ਲੋਈ ਭੇਂਟ ਕਰਕੇ ਸਨਮਾਨਤ ਕੀਤਾ ਗਿਆ। ਸਨਮਾਨ ਸਮਾਗਮ ਵਿੱਚ ਗੁਰਮੁਖ ਸਿੰਘ ਗਿੱਲ ਦੇ ਪਿਤਾ ਤੇਜਾ ਸਿੰਘ ਮਾਣਕਪੁਰ ਸਾਬਕਾ ਚੇਅਰਮੈਨ ਬਲਾਕ ਸੰਮਤੀ ਸਾਹਕੋਟ ਨੂੰ ਵੀ ਸਨਮਾਨਤ ਕੀਤਾ ਗਿਆ। ਗੁਰਮੁਖ ਸਿੰਘ ਦੀ ਜੀਵਨ ਸਾਥਣ ਦਲਬੀਰ ਕੌਰ, ਮੇਜਰ ਸਿੰਘ ਤੇ ਰਣਧੀਰ ਧੀਰਾ (ਨੇੜਲੇ ਰਿਸ਼ਤੇਦਾਰ) ਵੀ ਸਨਮਾਨ ਚਿੰਨ ਪ੍ਰਾਪਤ ਕਰਨ ਵਾਲਿਆ 'ਚ ਸ਼ਾਮਲ ਹਨ। ਇਸ ਮੌਕੇ ਸਕੱਤਰ ਮਾਰਕੀਟ ਕਮੇਟੀ ਤਜਿੰਦਰ ਕੁਮਾਰ ਨੇ ਗੁਰਮੁੱਖ ਸਿੰਘ ਗਿੱਲ ਦੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਸੇਵਾ ਮੁਕਤ ਮੰਡੀ ਸੁਪਰਵਾਈਜਰ ਹਰਭਜਨ ਸਿੰਘ ਖਾਲਸਾ ਨੇ ਗੁਰਮੁਖ ਸਿੰਘ ਗਿੱਲ ਦੀ ਸਖਸੀਅਤ ਬਾਰੇ ਚਾਨਣਾ ਪਾਇਆ। ਤੇਜਾ ਸਿੰਘ ਗਿੱਲ ਹੁਰਾਂ ਸਟਾਫ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨਪ੍ਰੀਤ ਸਿੰਘ ਗਿੱਲ, ਸਾਹਿਬਜੀਤ ਸਿੰਘ ਗਿੱਲ, ਸਾਮ ਲਾਲ ਮੰਡੀ ਸੁਪਰਵਾਈਜਰ, ਸੋਭਰਾਜ ਸਿੰਘ ਲੇਖਾਕਾਰ, ਅਮਨਦੀਪ ਸਿੰਘ ਟੁਰਨਾ, ਅੰਮ੍ਰਿਤ ਲਾਜਪਾਲ ਸਿੰਘ, ਗਗਨਦੀਪ ਸਿੰਘ ਮੱਟੂ, ਗੁਰਪ੍ਰੀਤ ਸਿੰਘ ਗਿੱਲ, ਲੁਭਾਇਆ ਰਾਮ, ਨਰਿੰਦਰ ਕੁਮਾਰ ਸਰਮਾ, ਰਾਮ ਤੀਰਥ, ਬਲਬੀਰ ਸਿੰਘ, ਦੀਪਕ ਨਾਹਰ ਹਾਜ਼ਰ ਸਨ।

ਐੱਲ ਪੀ ਯੂ ਦੇ ਵਿਦਿਆਰਥੀਆਂ ਨੇ ਖੇਲੋ ਇੰਡੀਆ 'ਵਰਸਿਟੀ ਗੇਮਜ਼ 'ਚ 11 ਮੈਡਲ ਜਿੱਤੇ

ਜਲੰਧਰ (ਸ਼ੈਲੀ ਐਲਬਰਟ)-: 3 ਜੂਨ 2023 ਤੱਕ ਚੱਲਣ ਵਾਲੀਆਂ 'ਖੇਲੋ ਇੰਡੀਆ ਯੂਨੀਵਰਸਿਟੀ ਗੇਮਜ਼-2023' ਵਿੱਚ 165 ਵਿਦਿਆਰਥੀਆਂ ਦੀ ਇੱਕ ਵੱਡੀ ਟੁਕੜੀ ਦੇ ਨਾਲ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ 14 ਵੱਖ-ਵੱਖ ਖੇਡਾਂ ਵਿੱਚ ਹਿੱਸਾ ਲੈ ਰਹੀ ਹੈ। ਹੁਣ ਤੱਕ, ਐਲਪੀਯੂ ਦੇ ਵਿਦਿਆਰਥੀਆਂ ਨੇ ਚੋਟੀ ਦੇ 11 ਮੈਡਲ ਜਿੱਤੇ ਹਨ। ਐਲਪੀਯੂ ਟੀਮਾਂ ਨੇ ਗ੍ਰੀਕੋ ਰੋਮਨ ਰੈਸਲਿੰਗ ਅਤੇ ਰੋਇੰਗ ਵਿੱਚ 2 ਗੋਲਡ ; ਬਾਸਕਟਬਾਲ, ਕੁਸ਼ਤੀ, ਸ਼ੂਟਿੰਗ, ਰੋਇੰਗ ਵਿੱਚ 6 ਸਿਲਵਰ ; ਅਤੇ ਪੁਰਸ਼ਾਂ ਦੀ ਰਗਬੀ ਅਤੇ ਅਥਲੈਟਿਕਸ ਵਿੱਚ ਹੁਣ ਤੱਕ 3 ਬ੍ਰੋਨਜ਼ ਦੇ ਮੈਡਲ ਜਿੱਤੇ ਹਨ। ਇਹ ਖੇਡਾਂ ਭਾਰਤ ਦੇ ਉੱਤਰ ਪ੍ਰਦੇਸ਼ ਰਾਜ ਵਿੱਚ ਵੱਖ-ਵੱਖ ਥਾਵਾਂ 'ਤੇ ਕਰਵਾਈਆਂ ਜਾ ਰਹੀਆਂ ਹਨ। ਯੂਨੀਵਰਸਿਟੀ ਦੀਆਂ ਜੇਤੂ ਟੀਮਾਂ ਨੂੰ ਵਧਾਈ ਦਿੰਦੇ ਹੋਏ, ਐਲਪੀਯੂ ਦੀ ਪ੍ਰੋ-ਚਾਂਸਲਰ ਸ਼੍ਰੀਮਤੀ ਰਸ਼ਮੀ ਮਿੱਤਲ ਨੇ ਟੀਮ ਦੇ ਹੋਰ ਮੈਂਬਰਾਂ ਨੂੰ ਵੀ ਜੇਤੂ ਭਾਵਨਾ ਨੂੰ ਕਾਇਮ ਰੱਖਦਿਆਂ ਖੇਡਾਂ ਨੂੰ ਜਾਰੀ ਰੱਖਣ ਲਈ ਉਤਸ਼ਾਹਿਤ ਕੀਤਾ। ਖੇਡਾਂ ਦੇ ਇਸ ਤੀਜੇ ਐਡੀਸ਼ਨ ਵਿੱਚ ਦੇਸ਼ ਭਰ ਦੀਆਂ 205 ਯੂਨੀਵਰਸਿਟੀਆਂ ਦੇ ਲਗਭਗ 4,000 ਐਥਲੀਟ ਸ਼ਾਮਲ ਹਨ।

ਲਾਇਲਪੁਰ ਖ਼ਾਲਸਾ ਕਾਲਜ ਦੇ ਡੀ ਸੀ ਏ ਦਾ ਨਤੀਜਾ ਰਿਹਾ ਸ਼ਾਨਦਾਰ

ਜਲੰਧਰ-(ਸ਼ੈਲੀ ਐਲਬਰਟ)-:ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਡਿਪਲੋਮਾ ਇੰਨ ਕੰਪਿਊਟਰ ਐਪਲੀਕੇਸ਼ਨ (ਡੀ.ਸੀ.ਏ.) ਪਹਿਲਾ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ । ਲਾਇਲਪੁਰ ਖ਼ਾਲਸਾ ਕਾਲਜ ਦੇ ਵਿਦਿਆਰਥੀ ਮੋਹਿਤ ਨੇ 200 ਵਿਚੋਂ 164 ਅੰਕ ਪ੍ਰਾਪਤ ਕਰਦੇ ਹੋਏ ਯੂਨੀਵਰਸਿਟੀ ਮੈਰਿਟ ਵਿਚੋਂ ਪਹਿਲਾ, ਅੰਕਿਤ ਨੇ 154 ਅੰਕ ਪ੍ਰਾਪਤ ਕਰਕੇ ਦੂਜਾ ਅਤੇ ਪਰਮਿੰਦਰ ਕੌਰ ਨੇ 152 ਅੰਕ ਪ੍ਰਾਪਤ ਕਰਕੇ ਚੌਥਾ ਸਥਾਨ ਹਾਸਲ ਕੀਤਾ । ਇਸ ਮੌਕੇ ਬਲਬੀਰ ਕੌਰ, ਪ੍ਰਧਾਨ ਗਵਰਨਿੰਗ ਕੌਂਸਲ ਅਤੇ ਪ੍ਰਿੰਸੀਪਲ ਪ੍ਰੋ. ਜਸਰੀਨ ਕੌਰ ਨੇ ਵਿਸ਼ੇਸ਼ ਤੌਰ 'ਤੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ । ਇਸ ਮੌਕੇ ਪ੍ਰੋ. ਸੰਜੀਵ ਕੁਮਾਰ ਆਨੰਦ ਮੁਖੀ ਕੰਪਿਊਟਰ ਸਇੰਸ ਵਿਭਾਗ, ਪ੍ਰੋ. ਸੰਦੀਪ ਬਸੀ ਅਤੇ ਪ੍ਰੋ. ਨਵਨੀਤ ਕੌਰ ਵੀ ਹਾਜ਼ਰ ਸਨ।

ਦਰਬਾਰ ਕੁੱਲਾ ਸ਼ਰੀਫ ਮੇਲਾ 4 ਤੋਂ

ਬਹਿਰਾਮ (ਅਵਤਾਰ ਕਲੇਰ) ਸੱਯਦ ਉੱਲ ਸ਼ੇਖ ਬਾਬਾ ਅਬਦੁੱਲਾ ਸ਼ਾਹ ਕਾਦਰੀ ਦੀ ਯਾਦ ਵਿੱਚ ਸਾਲਾਨਾ ਜੋੜ ਮੇਲਾ 4 ਜੂਨ ਤੋਂ ਸ਼ੁਰੂ ਕਰਕੇ 7 ਜੂਨ ਤੱਕ ਪ੍ਰਸਿੱਧ ਦਰਬਾਰ ਕੁੱਲਾ ਸ਼ਰੀਫ ਬਹਿਰਾਮ ਵਿਖੇ ਮਨਾਇਆ ਜਾ ਰਿਹਾ ਹੈ ।ਦਰਬਾਰ ਦੇ ਮੁੱਖ ਪ੍ਰਬੰਧਕ ਜਗਮੋਹਣ ਸਿੰਘ ਅਟਵਾਲ ਨੇ ਦੱਸਿਆ ਕਿ ਨਿਸ਼ਾਨ ਸਾਹਿਬ ਅਤੇ ਚਿਰਾਗ ਰੌਸ਼ਨ ਕਰਨ ਉਪਰੰਤ ਪ੍ਰਸਿੱਧ ਕਵਾਲ ਪਾਰਟੀਅਣ ਹਾਜਰੀਆਂ ਭਰਨਗੀਆਂ। ਇਸ ਵਾਰ ਤੋਂ ਦਰਬਾਰ ਵਿੱਚ ਚੜ੍ਹਾਉਣ ਲਈ ਸੰਗਤਾਂ ਨੂੰ ਪ੍ਰਸ਼ਾਦ ਦਰਬਾਰ ਵਿੱਚੋਂ ਹੀ ਦਿੱਤਾ ਜਾਵੇਗਾ । ਇਸ ਮੌਕੇ ਉਨ੍ਹਾਂ ਨਾਲ ਬਾਬਾ ਰਵਿੰਦਰ ਸਿੰਘ ਅਟਵਾਲ ਘੋਲੀ ,ਨੰਬਰਦਾਰ ਜਸਵਿੰਦਰ ਸਿੰਘ,ਗੁਰਪ੍ਰੀਤ ਸਿੰਘ ਗੋਪੀ ਅਟਵਾਲ ਫਰਾਲਾ, ਰਣਜੀਤ ਸਹੋਤਾ , ਨੂਰ ਮੁਹੰਮਦ,ਦਵਿੰਦਰ ਬਤਰਾ ਆਦਿ ਹਾਜਰ ਸਨ ।

25ਵੇਂ ਸਲਾਨਾ ਮੇਲੇ ਦੌਰਾਨ ਵੱਡੀ ਗਿਣਤੀ 'ਚ ਸੰਗਤਾਂ ਲਵਾਈ ਹਾਜ਼ਰੀ

ਨਵਾਂਸ਼ਹਿਰ ((ਕੁਲਵਿੰਦਰ ਸਿੰਘ ਦੁਰਗਾਪੁਰੀਆ) ਸਥਾਨਕ ਇੰਡਸਟ੍ਰੀਅਲ ਏਰੀਆ ਫੋਕਲ ਪੁਆਇੰਟ ਮਿੱਲ ਕਲੋਨੀ ਕਿਲਾ ਮੁਹੱਲਾ ਨਵਾਂਸ਼ਹਿਰ ਦਰਬਾਰ ਕਿਲੇ ਵਾਲੀ ਸਰਕਾਰ 'ਤੇ ਲੱਗੇ 25ਵੇਂ ਸਲਾਨਾ ਮੇਲੇ ਦੌਰਾਨ ਬਹੁਤ ਵੱਡੀ ਗਿਣਤੀ 'ਚ ਸੰਗਤਾਂ ਨੇ ਆਪਣੀ ਹਾਜ਼ਰੀ ਲਵਾਈ। ਗੱਦੀ ਨਸ਼ੀਨ ਬਾਬਾ ਪ੍ਰਸ਼ੋਤਮ ਲਾਲ ਨੇ ਦੱਸਿਆ ਕਿ 30 ਮਈ ਨੂੰ ਬੇੜੇ ਦੀ ਰਸਮ ਅਦਾ ਕੀਤੀ ਗਈ, 31 ਮਈ ਨੂੰ ਮੇਲੇ ਦੌਰਾਨ ਸ਼ਾਮ ਨੂੰ ਚਿਰਾਗ ਰੋਸ਼ਨ ਕੀਤੇ ਗਏ ਕਵਾਲੀ ਨਾਲ ਰਾਤ ਦਾ ਆਨੰਦ ਮਾਣਿਆ, 01 ਜੂਨ ਨੂੰ ਝੰਡੇ ਦੀ ਰਸਮ ਕਿਸਨ ਕੁਮਾਰ ਸਰੀਨ ਟੋਨੀ ਨੇ ਕੀਤੀ। ਹੁਸਨ ਲਾਲ ਮਹਿਤਾ, ਹਰਜਿੰਦਰ ਕੁਮਾਰ ਬੌਬੀ ਲੱਧੜ ਨੇ ਦਰਬਾਰ 'ਤੇ ਚਾਦਰ ਚੜ੍ਹਾਉਣ ਦੀ ਰਸਮ ਅਦਾ ਕੀਤੀ। ਕੱਵਾਲੀਆਂ ਦੇ ਪ੍ਰੋਗਰਾਮ ਦੀ ਸ਼ੁਰੂਆਤ ਬਲਜਿੰਦਰ ਬੈਂਸ, ਜੱਸਾ ਫਤੇਪੁਰੀਆ, ਜੱਸੀ ਨੱਕਲ ਆਮ ਆਦਮੀ ਪਾਰਟੀ ਕਵਾਲ ਪਰਵੇਜ ਆਲਮ ਨੇ ਕੀਤੀ।

ਸੀ ਐੱਚ ਸੀ ਬੜਾ ਪਿੰਡ ਵਿਖੇ ਲਗਾਇਆ ਬਲਾਕ ਪੱਧਰੀ ਮਲੇਰੀਆ ਜਾਗਰੂਕਤਾ ਕੈਂਪ

ਗੁਰਾਇਆ (ਬਿੰਦਰ ਸੁਮਨ) ਸਿਵਲ ਸਰਜਨ ਜਲੰਧਰ ਡਾ. ਰਮਨ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਲੇਰੀਆ ਸਬੰਧੀ ਜਾਗਰੂਕਤਾ ਪੈਦਾ ਕਰਨ ਲਈ ਕੰਮਿਊਨਿਟੀ ਹੈਲਥ ਸੈਂਟਰ ਬੜਾ ਪਿੰਡ ਵੱਲੋਂ